ੴ

ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ



੧੧੦ਵੀਂ
ਜਨਮ
ਸ਼ਤਾਬਦੀ
ਨਾਰੰਗਵਾਲ
ਵਿਖੇ
9 ਤੋਂ 12
ਜੁਲਾਈ

*

JULY
1987

ਭਾਈ
ਸਾਹਿਬ
ਭਾਈ
ਰਣਧੀਰ
ਸਿੰਘ
ਜੀ

*

ਜੁਲਾਈ
੧੯੮੭

www.AKJ.org

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੩/੭੦-੬੮-੪ (ਅ. ਪ.) ਮਿਤੀ ੧੭-੧੦-੬੮ ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਭਾ: ਸਾ: ਭਾਈ ਰਣਧੀਰ ਸਿੰਘ ਜੀ | ੩ | ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ |
| ਜਬ ਲਗ ਖਾਲਸਾ ਰਹੇ ਨਿਆਰਾ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| 'ਆਤਮਕ ਜੀਵਨ' ਬੁਧੀ ਦੀ ਖੇਡ ਨਹੀਂ | ੬ | ,, ,, ,, |
| ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ | ੧੦ | ,, ,, ,, |
| ਨਾਮ ਦੀ ਪਾਰਸ-ਕਲਾ | ੧੫ | ,, ,, ,, |
| ਭਾਈ ਰਣਧੀਰ ਸਿੰਘ ਜੀ ਨਾਰੰਗਵਾਲ | ੧੬ | ਪ੍ਰਿੰਸੀਪਲ ਨਾਹਰ ਸਿੰਘ ਜੀ |
| ਗੁਸਾਈਂ ਦੇ ਪਹਿਲਵਾਨੜੇ ਭਾਈ ਸਾਹਿਬ | ੨੧ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ |
| ਗੁਰੂ-ਜੋਤਿ ਮਾਰਗ ਦੇ ਸੱਚੇ ਆਸ਼ਕ ਭਾਈ ਸਾਹਿਬ | ੨੨ | ਪ੍ਰੋਫੈਸਰ ਜੋਗਿੰਦਰ ਸਿੰਘ ਜੀ |
| ਕਰਨੀ ਤੇ ਕਮਾਈ ਦੇ ਸੂਰੇ ਭਾਈ ਸਾਹਿਬ | ੨੩ | ਗਿਆਨੀ ਗੁਰਦਿਤ ਸਿੰਘ ਜੀ |
| ਗੁਰਮੱਤੀ ਕਦਰਾਂ | ੨੬ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਪਹਿਲਾ ਘਲੂਘਾਰਾ (੮) | ੩੦ | ਕੈਪਟਿਨ ਸਵਰਨ ਸਿੰਘ ਜੀ |
| ਆਵਾ-ਗਉਣ | ੩੫ | 'ਗੁਰਬਾਣੀ ਇਸ ਜਗ ਮਹਿ ਚਾਨਣੁ' |
| ਸਿੱਖ ਇੱਕ ਵੱਖਰੀ ਕੌਮ (ਕਵਿਤਾ) | ੩੭ | ਸ: ਤੇਗ ਬਹਾਦਰ ਸਿੰਘ ਤੇਗ |
| ਕੀ 'ਸਿੱਖ ਇੱਕ ਵੱਖਰੀ ਕੌਮ' ਹੋਣਾ ਗੁਨਾਹ ਹੈ ? | ੩੮ | ਸ: ਨਰੈਣ ਸਿੰਘ ਜੀ ਐਮ. ਏ. |
| ਅਣਖ ਜਾਏ ਨਾ ਕਿਤੇ ਧਆਖ ਤੇਰੀ (ਕਵਿਤਾ) | ੪੦ | ਗਿ: ਗੋਪਾਲ ਸਿੰਘ ਜੀ ਮਿਤਰ |
| ਟੈਲੀਵੀਯਨ/ਦੂਰ-ਦਰਸ਼ਨ | ੪੧ | 'ਸੂਰਾ' ਪਰਵਾਰ |


ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਅਵਤਾਰ ਦਿਵਸ ੧੯ ਜੁਲਾਈ

## ਰੰਗਲੇ ਸਜਣ ਪ੍ਰੋਫੈਸਰ ਠਾਕਰ ਸਿੰਘ ਜੀ ਅਕਾਲ ਚਲਾਣਾ ਕਰ ਗਏ

ਮਾਨਯਵਰ ਬਾਉ ਮੱਲ ਸਿੰਘ ਜੀ ਦੀ ਗੋਦੀ ਵਿਚ ਖੇਡੇ ਤੇ ਪਲੇ ਅਤੇ ਭਾ:ਸਾ: ਭਾਈ ਰਣਧੀਰ ਸਿੰਘ ਜੀ ਦੇ ਅਤਿ ਪਿਆਰੇ 'ਜੋਗੀ ਜੀ', ਪ੍ਰੋਫੈਸਰ ਠਾਕਰ ਸਿੰਘ ਜੀ ੮੮ ਸਾਲ ਦੀ ਆਯੂ ਵਿਚ ੨੬ ਜੂਨ ੧੯੯੭ ਨੂੰ ਗੁਰਪੁਰੀ ਪਿਆਨੇ ਕਰ ਗਏ ਹਨ। ਉਨ੍ਹਾਂ ਨਮਿਤ ਪਰਵਾਰ ਤੇ ਸੰਗਤ ਵਲੋਂ ਸਹਿਜਪਾਠ ਦੇ ਭੋਗ ਅਤੇ ਅਖੰਡ ਕੀਰਤਨ 5 ਜੁਲਾਈ ਐਤਵਾਰ ਸ਼ਾਮ 2 ਤੋਂ 4 ਵਜੇ ਤਕ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ਹੋ ਰਹੇ ਹਨ। ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਅਖੰਡ ਕੀਰਤਨੀ ਮੰਡਲਾਂ ਵਿਚ ਸਦੈਵੀ ਵਾਸਾ ਬਖਸ਼ਣ।

## ਬੀਬੀ ਜਸਵੰਤ ਕੌਰ ਦਿਲੀ ਪ੍ਰਿਵਾਰ ਨੂੰ ਵਿਛੋੜਾ ਦੇ ਗਏ

ਬੀਬੀ ਜਸਵੰਤ ਕੌਰ ਦੇ ਗੁਰਮਤੀ ਗੁਣਾਂ ਕਰਕੇ ਉਨ੍ਹਾਂ ਦੇ ਪਤੀ ਭਾਈ ਦਲੀਪ ਸਿੰਘ ਤੇ ਸਾਰਾ ਪਰਵਾਰ ਗੁਰਮਤੀ ਜੀਵਨ ਦਾ ਅਨੰਦ ਮਾਣ ਰਹੇ ਸਨ, ਜੁ ਦਰਗਾਹੀ ਸੱਦੇ ਆ ਜਾਣ ਕਰਕੇ 16.5.੯7 ਨੂੰ ਬੀਬੀ ਜੀ ਵਿਛੋੜਾ ਦੇ ਗਏ। ਅੰਤਮ ਅਰਦਾਸ ਸਮੇਂ ਧਰਮ ਕਾਰਜਾਂ ਲਈ ਕਢੀ ਮਾਇਆ ਚੋਂ ਸ਼ਹੀਦੀ ਤੇ ਪੀੜਤ ਪਰਵਾਰ ਫੰਡ ਲਈ 3100, ਗੁ: ਸ਼ਹੀਦ ਗੰਜ 1978 ਦੀ ਕਾਰ ਸੇਵਾ ਲਈ 1100 ਅਤੇ ਸੂਰਾ ਦੀ ਚੜ੍ਹਦੀ ਕਲਾ ਲਈ 500 ਰੁਪਏ ਭੇਜੇ ਗਏ। ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਅਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧-੭-੯੭ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ : 51847 ਘਰ 43094

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

ਮਾਸਕ — ਸ੍ਰੀ ਅੰਮ੍ਰਿਤਸਰ — ਪੱਤਰ


**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੫੦

**ਪਰਦੇਸ (ਸਾਰੇ ਦੇਸ)**
**ਸਾਲਾਨਾ ਚੰਦਾ**

ਸਮੁੰਦਰੀ ਡਾਕ ੪੮-੦੦
ਹਵਾਈ ਡਾਕ ੧੦੦-੦੦

Foreign Subscription
Sea Mail 40-00
Air Mail 100-00

**ਅਮਾਨਤੀ**
**ਲਾਈਫ਼ ਮੈਂਬਰ**

ਦੇਸ ੧੫੦-੦੦
ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ ੪੦੦-੦੦
ਹਵਾਈ ਡਾਕ ੧੦੦੦-੦੦


## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ


ਜਿਲਦ ੨੧ ਜੁਲਾਈ ੧੯੮੭ ਅੰਕ ੭


## ਭਾ: ਸਾ: ਭਾਈ ਰਣਧੀਰ ਸਿੰਘ ਜੀ

ਗੁਰਮਤਿ ਰਹਿਤ-ਰਹਿਣੀ ਦੇ ਸੂਰੇ, ਬਚਨਾਂ ਦੇ ਪੂਰੇ ਤੇ ਗੁਰਮਤਿ ਗਾਡੀ ਰਾਹ ਦੇ ਅਥੱਕ ਪਾਂਧੀ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਸਿੱਖ ਜਗਤ ਵਿਚ ਵੀਹਵੀਂ ਸਦੀ ਦੀ ਇਕ ਅਨੂਪਮ ਸ਼ਖ਼ਸੀਅਤ ਸਨ। ਇਨ੍ਹਾਂ ਦੀ ਦਿਬ-ਸੂਰਤ ਤੇ ਇਲਾਹੀ-ਮੂਰਤ ਸਤਸੰਗੀਆਂ ਦੇ ਹਿਰਦੇ ਵਿਚ ਇਕ ਝਰਨਾਟ ਛੇੜ ਦਿੰਦੀ ਸੀ। ਇਹ ਪਿਆਰ ਦਾ ਕੀਰਤਨੀ ਸੋਮਾ ਜਦੋਂ ਫੁਟਦਾ ਤਾਂ ਅਨੇਕਾਂ ਹੀ ਪ੍ਰਾਣੀ ਇਸ ਦੇ ਸੀਤਲ ਜਲ ਵਿਚ ਇਸ਼ਨਾਨ ਕਰਦੇ, ਰੰਗੇ ਜਾਂਦੇ–ਉਸ ਅਕਾਲ ਪੁਰਖ ਦੇ ਪ੍ਰੇਮ ਵਿਚ, ਧੋਤੇ ਜਾਂਦੇ, ਲਿਸ਼ਕਦੇ ਅਤੇ ਇੰਜ ਉੱਜਲ ਹੋ ਕੇ ਆਪੂੰ ਨਾਮ ਜਪਦੇ ਤੇ ਹੋਰਨਾਂ ਨੂੰ ਜਪਾਂਦੇ। ਆਪ ਜੀ ਦਾ ਸਾਰਾ ਜੀਵਨ ਸਿੱਖੀ ਸਿਦਕ, ਪ੍ਰੇਮ-ਰੰਗਾਂ, ਵੈਰਾਗ-ਤਰੰਗਾਂ ਤੇ ਤੱਤ ਗੁਰਮਤਿ ਦੇ ਅਸੂਲਾਂ ਦੀ ਦ੍ਰਿੜ੍ਹਤਾ ਨੂੰ ਪ੍ਰਗਟਾਉਣ ਵਾਲੇ ਅਨੇਕ ਕਰਤਵਾਂ ਨਾਲ ਭਰਿਆ ਪਿਆ ਹੈ। ਜਿਥੇ ਆਪ ਉਚ ਆਤਮਕ ਅਵਸਥਾ ਦੇ ਮਾਲਕ ਸਨ, ਉਥੇ ਆਪ ੧੯੧੪-੧੫ ਦੇ ਮੋਢੀ ਦੇਸ਼-ਭਗਤਾਂ ਵਿਚ ਇਕ ਖ਼ਾਸ ਪਦਵੀ ਰਖਦੇ ਸਨ।

[ਦਿਲੀ ਗੁ: ਪ੍ਰ: ਕਮੇਟੀ ਵਲੋਂ ਛਪੇ ਟ੍ਰੈਕਟ ਚੋਂ




www.AKJ.Org

# ਜਬ ਲਗ ਖਾਲਸਾ ਰਹੇ ਨਿਆਰਾ

[ਸਚਖੰਡ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ ਦੀ ਕਲਮ ਤੋਂ]

ਨਾਮੋਂ ਘੁਥੇ ਧਰਮ-ਹੀਣ ਆਨਮਤੀਆਂ ਸਾਕਤਾਂ ਕੁਸੰਗੀਆਂ ਦੇ ਨਾਲ ਮਿਲ-ਗੋਭਾ ਹੋਣ ਕਰਕੇ ਖਾਲਸਾ ਜੀ ਦਾ ਤੇਜ ਪਰਤਾਪ ਘਟਦਾ ਹੈ, ਜੈਸਾ ਕਿ ਦਸਮੇਸ਼ ਜੀ ਦਾ ਸਿਖ ਪ੍ਰਤੀ ਇਸ ਬਿਧ ਉਪਦੇਸ਼ ਹੈ—

ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਓ ਮੈਂ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤਿ ॥ ਮੈ ਨ ਕਰਉ ਇਨਕੀ ਪ੍ਰਤੀਤ ॥ ਸਰਬ ਲੋਹ ਗ੍ਰੰਥ

ਤਾਂ ਤੇ ਖਾਲਸੇ ਜੀ ਦਾ ਤੇਜ ਪਰਤਾਪ ਆਨਮਤੀਆਂ ਦੇ ਮਿਲਗੋਭਾਪਨ ਤੋਂ ਨਿਆਰਾ (ਨਿਰਾਲਾ) ਰਹਿਣ ਵਿਚ ਹੀ ਹੈ । ਆਨਮਤੀਆਂ ਵਿਖੇ ਮਿਲਗੋਭਾ ਹੋ ਜਾਣ ਵਿਚ ਖਾਲਸਾ ਪੰਥ ਦੀ ਨਿਰਾਲੀ ਹਸਤੀ ਹੀ ਨਹੀਂ ਰਹਿੰਦੀ ਅਤੇ ਖਾਲਸਾ ਪੰਥ ਨੂੰ ਬੇਦੀ ਕਤੇਬੀ ਦੋਹੂ ਪ੍ਰਕਾਰ ਦੀਆਂ ਭਿੰਨ ਭਿੰਨ ਸ਼੍ਰੇਣੀਆਂ ਦੇ ਅਨਮਤਾਂ ਵਿਚੋਂ ਨਿਆਰਾ ਅਤੇ ਨਿਰਾਲਾ ਕਰਨ ਦੀ ਲੋੜ ਸ੍ਰੀ ਦਸਮੇਸ਼ ਨੂੰ ਇਸ ਵਾਸਤੇ ਪਈ ਕਿ :

ਦੋਹੂ ਪੰਥ ਮਹਿ ਕਪਟ ਵਿਦਯਾ ਚਲਾਨੀ ॥ ਬਹੁਰ ਤੀਸਰੋ ਪੰਥ ਕੀਜੈ ਪਰਧਾਨੀ ॥

ਦੇ ਸ੍ਰੀ ਮੁਖ ਬਚਨ ਅਨੁਸਾਰ ਸ੍ਰੀ ਦੁਸਮੇਸ਼ ਜੀ ਨੂੰ ਮਨਜ਼ੂਰ ਸੀ ਕਿ ਅਨਮਤੀਆਂ ਵਿਖੇ ਮਿਲਗੋਭਾ ਰਹਿਣ ਕਰਕੇ ਨਿਰੋਲ ਖਾਲਸਾ ਪੰਥ ਨੂੰ ਕਪਟ ਪੰਥੀਆਂ ਦੀਆਂ ਕਪਟ ਕਰਤੂਤਾਂ, ਕਪਟ ਕੁਰਹਿਣੀਆਂ, ਕਪਟ ਕੁਰਹਿਤਾਂ, ਕਪਟ ਕੁਚਾਲਾਂ ਅਤੇ ਕਪਟ ਕੁਵਹਿਦਤਾਂ ਤੇ ਕਮਜ਼ੋਰੀਆਂ ਦਾ ਲੇਸ ਲਛਣ ਨ ਲਗਣਾ ਪਾਵੇ । ਜੇਕਰ ਸ੍ਰੀ ਦਸਮੇਸ਼ ਜੀ ਇਸ ਬਿਧਿ ਖ਼ਾਲਸਾ ਜੀ ਨੂੰ ਆਨਮਤੀਆਂ ਦੇ ਮਿਲਗੋਭੇ ਤੋਂ ਨਿਰਾਲਾ ਨਾ ਰਖਦੇ ਅਤੇ ਨਿਆਰਾ ਨਾ ਕਰ ਦਿੰਦੇ ਤਾਂ ਅਜ ਤਾਈਂ ਖਾਲਸਾ ਪੰਥ ਦੀ ਹਸਤੀ ਨੇ ਹੀ ਮਲੀਆਮੇਟ ਹੋ ਜਾਣਾ ਸੀ ।

ਇਕ ਕੌਮ ਦੇ ਦੂਜੀ ਕੌਮ ਤੋਂ ਨਿਰਾਲੇ ਅਤੇ ਨਿਆਰੇ ਹੋਣ ਦੀ ਪਛਾਣ ਆਸ਼ਾ, ਇਸ਼ਟ, ਉਪਾਸ਼ਨਾ, ਖਾਨ, ਪਾਨ, ਪਹਿਰਾਨ ਵਿਚ ਹੈ । ਸੋ ਖਾਲਸਾ ਇਸ ਪਛਾਣ ਦੇ ਸਰਬ ਅੰਗਾਂ ਵਿਚ ਹੀ ਆਨਮਤੀਆਂ ਤੋਂ ਨਿਰਾਲਾ ਅਤੇ ਵਖਰਾ ਹੈ । ਇਸ ਨਿਰਾਲਾਪਣ ਵਿਚ, ਇਸ ਵਖਰਾਪਣ ਵਿਚ ਖਾਲਸਾ ਪੰਥ ਦੀ ਸ਼ਾਨ ਦਿਨੋ ਦਿਨ ਸਵਾਈ, ਦੂਣ ਸਵਾਈ ਅਤੇ ਚੜ੍ਹਦੀ ਕਲਾ ਵਿਚ ਚੜ੍ਹਦੀ ਚਮਕਦੀ ਜਾਂਦੀ ਹੈ । ਕਿਉਂਕਿ ਮਿਲਗੋਭਾ ਨ ਰਹਿਣ ਵਿਚ ਖਾਲਸਾ ਪੰਥ ਦੀ ਸ੍ਰੇਸ਼ਟਤਾ ਵਿਲੱਖਣਤਾ ਗੱਜ ਵੱਜ ਕੇ ਪ੍ਰਗਟ ਪਹਾਰੇ ਪ੍ਰਕਾਸ਼ਤ ਹੋ ਜਾਂਦੀ ਹੈ । ਇਸ ਚੜ੍ਹਦੀ ਕਲਾ ਦੇ ਮੌਜ ਬਹਾਰੀ ਰੰਗ ਵਿਚ ਖਾਲਸਾ ਜੀ ਦੇ ਆਨਮਤੀਆਂ ਤੋਂ ਵਖਰਾ ਹੋਣ ਅਤੇ ਨਿਰਾਲਾ ਰਹਿਣ ਕਰਿ ਖਾਲਸਾ ਜੀ ਨੂੰ ਨਫ਼ਰਤ ਅਤੇ ਬੇਇਤਫ਼ਾਕੀ ਦੇ ਬਿਥਾਰਕ ਹੋਣ ਦੀ ਕਲੰਕ ਭਰੀ ਲੀਕ ਭੀ ਨਹੀਂ ਲੱਗ ਸਕਦੀ, ਕਿਉਂਕਿ ਖਾਲਸਾ ਪੰਥ ਦੀ ਸਾਜਨਾ ਹੀ ਪਰਉਪਕਾਰ ਨਮਿਤ ਹੈ ।

ਖਾਲਸਾ ਜੀ ਦਾ ਬਿਰਦ ਹੈ ਕਿ ਦੀਨਾਂ ਦੁਖੀਆਂ ਨੂੰ, ਭਾਵੇਂ ਉਹ ਕਿਸੇ ਭੀ ਮਤ ਵਿਚੋਂ ਹੋਵਨਿ, ਦੋਖੀਆਂ ਜ਼ਾਲਮਾਂ ਕੋਲੋਂ ਉਭਾਰੇ । ਖਾਲਸਾ ਜੀ ਦਾ, ਖਾਲਸਾ ਪੰਥ ਦੇ ਬਾਨੀ ਮੁਬਾਨੀ ਸ੍ਰੀ ਗੁਰੂ ਦਸਮੇਸ਼ ਜੀ ਦਾ ਪਰਮ ਧਰਮ ਮੁਖ ਉਪਕਾਰ ਹੀ ਇਹ ਹੈ ਕਿ ਸਰਬ ਸੰਸਾਰੀਆਂ ਨੂੰ ਸੰਸਾਰ ਭਰ ਦੇ ਪ੍ਰਾਣੀ ਮਾਤਰ ਨੂੰ (ਭਾਵੇਂ ਕਿਸੇ ਮਤ ਮਤਾਂਤਰ, ਬਰਨ ਅਬਰਨ, ਜਾਤ ਜਨਮ, ਨਸਲ ਕੁਨਸਲ; ਦੇਸ ਬਿਦੇਸ ਵਿਚੋਂ ਕੋਈ ਹੋਵੇ) ਨਾਮ ਅੰਮ੍ਰਿਤ ਜੀਅ ਦਾਨ ਦੇ ਕੇ ਅਤੇ ਭਗਤੀ ਪ੍ਰਾਇਣ ਕਰ ਕੇ ਅਕਾਲ ਪੁਰਖ ਦੇ ਨਾਲ ਮਿਲਾਇਆ ਜਾਵੇ । ਇਸ ਤੋਂ ਵਧ ਕੇ ਸਚਾ ਪ੍ਰੇਮ, ਸਚਾ ਜਿਗਰੀ ਪ੍ਰੇਮ ਹੋਰ ਕੀ ਹੋ ਸਕਦਾ ਹੈ ? ਇਸ ਤੋਂ ਵਧ ਕੇ ਇਤਫ਼ਾਕ, ਸਚੇ ਇਤਫ਼ਾਕ, ਨੀਚ ਊਚ ਨੂੰ ਇਕਸ ਸਮਾਨ ਕਰਿ ਦਿਖਾਵਨ ਦੀ ਸੱਚੀ ਮੇਅਰਾਜ ਤੇ ਇਕ-ਸਾਰ ਇਕੋ ਘੜੀ ਤੇ ਲਿਆ ਦੇਣ ਵਾਲੇ ਇਤਫ਼ਾਕ ਦੀ ਹੋਰ ਕੀ ਮਸਾਲ ਹੋ ਸਕਦੀ ਹੈ । ਸ੍ਰਿਸ਼ਟੀ ਭਰ ਨੂੰ ਇਕਸਾਰ ਇਕ-ਜਾਨ ਕਰਕੇ ਸੁਚੀ ਉਚਾਣ ਉਤੇ ਲੈ ਜਾਣ ਦਾ ਨਿਰਾਲਾ ਢੰਗ ਇਹ ਖ਼ਾਲਸਾ ਜੀ ਦਾ ਨਿਰਲੇਪ ਚੜ੍ਹਦੀਆਂ ਕਲਾਵਾਂ ਵਿਚ ਨਿਰਾਲੇ ਰਹਿਣਾ ਹੀ ਹੈ । ਧਰਮ-ਹੀਣ ਬੇਦੀਨ ਪੁਰਸ਼ਾਂ ਵਿਚ ਨਿਰਲੇਪ ਨਿਰਾਲੇ ਰਹਿ ਕੇ ਆਪਣੀ ਨਿਰਾਲੀ ਰਹਿਣੀ ਦੇ ਧਰਮ ਪੁੰਜ



www.AKJ.Org

ਉਪਕਾਰੀ ਔਜ ਵਾਲੇ ਪਰਮਾਰਥੀ ਪੂਰਨਿਆਂ ਸੰਪੰਨ ਪਵਿਤਰ ਜੀਵਨ ਦੇ ਅਕ੍ਰਖਣੀ ਅਕਸ ਸੰਸਾਰੀਆਂ ਦੇ ਤ੍ਰੁੱਕੇ ਹੋਏ ਜੀਵਨਾਂ ਉਤੇ ਪਾਉਣਾ ਪਰਲੇ ਦਰਜੇ ਦਾ ਪਰਉਪਕਾਰ ਅਤੇ ਪ੍ਰੇਮ ਹੈ । ਏਸੇ ਪ੍ਰੇਮ ਤੋਂ, ਏਸ ਪਰਉਪਕਾਰੀ ਜੀਵਨ ਦੀ ਪਰਮ ਰੌ ਤੋਂ ਪੈਦਾ ਕਰਨ ਵਾਲੀ ਕਣੀ ਤੋਂ ਸੱਚੇ ਅਤੇ ਨਿੱਗਰ ਇਤਫ਼ਾਕ ਦੀ ਬੁਨਿਆਦ ਬਝਦੀ ਹੈ ।

ਜੇ ਜੀਵਨ ਤ੍ਰੁੱਕੇ ਹੋਏ ਸੰਸਾਰੀਆਂ ਦੀ ਪੰਕਜ ਕਰਨੀ, ਨੀਚ ਕਰਨੀ, ਨਿਘਰਤ ਕਰਨੀ ਵਿਚ ਗਰਤ ਹੋ ਗਿਆ, ਉਹ ਤਾਂ ਆਪ ਹੀ ਨਿਘਰ ਗਿਆ, ਉਸ ਨੇ ਦੂਸਰਿਆਂ ਨੂੰ ਕੀ ਉਭਾਰਨਾ ਹੈ । ਅਨਮਤੀਆਂ ਦੇ ਧਰਮ-ਹੀਣ ਅਚਾਰ ਰਹਿਤ ਸੰਸਕਾਰ ਕਰਮਾਂ ਵਿਚ ਸੰਮਿਲਤ ਹੋ ਜਾਣਾ ਕਿਧਰਲਾ ਪ੍ਰੇਮ ਇਤਫ਼ਾਕ ਹੈ ? ਜਿਸ ਦੇ ਨਾਲ ਸਾਂਡਾ ਆਸ਼ਾ ਇਸ਼ਟ ਉਪਾਸ਼ਨਾ ਖਾਨ ਪਾਨ ਪਹਿਰਾਨ ਨਹੀਂ ਮਿਲਦਾ, ਉਸ ਨੂੰ ਉਸ ਦਸ਼ਾ ਤੋਂ ਉਭਾਰੇ ਬਿਨਾਂ ਅਤੇ ਉਸ ਨੂੰ ਜੀਵਨ-ਗੁੜ੍ਹਤੀ ਦਿਤੇ ਬਿਨਾਂ ਉਸ ਦੇ ਨਾਲ ਖਾਨ ਪਾਨ ਆਦਿਕ ਵਿਚ ਲੰਪਤ ਅਤੇ ਚਗਲ ਹੋ ਜਾਣਾ ਕੋਈ ਪ੍ਰੇਮ ਇਤਫ਼ਾਕ ਦਾ ਪਰਚਾਰ ਕਰਨਾ ਨਹੀਂ, ਸਗੋਂ ਅਪ੍ਰੇਮ ਅਧਰਮ ਵਿਥਾਰਨਾ ਹੈ । ਖਾਲਸਾ ਜੀ ਦਾ ਆਸ਼ਾ ਅਸਲ ਹੈ ਸਦਾ ਚੜ੍ਹਦੀ ਕਲਾ ਵਾਲੇ ਉਚ ਮਤੇ ਦਾ, ਅਤੇ ਧਰਮ ਹਿਤ, ਦੀਨ-ਰਖਿਆ ਹਿਤ ਅਤੇ ਦੇਸ਼-ਰਖਿਆ ਹਿਤ ਮਰਨ ਮਾਰਨ ਵਾਲੇ ਬੀਰ ਰਸ ਦਾ । ਕਿਸੇ ਅਨਮਤੀ ਗੁਆਂਢੀ ਕੌਮ ਦਾ ਜੇ ਆਸ਼ਾ ਅਸੂਲ ਇਸ ਤੋਂ ਭਿੰਨ ਕਰਾੜਾਂ ਵਾਲੀ ਕਾਇਰਤਾ ਦਾ ਹੋਵੇ ਤਾਂ ਕੀ ਅਸਾਡਾਂ ਉਸ ਕੌਮ ਦੇ ਨਾਲ ਅਸਲੀ ਅਤੇ ਜਿਗਰੀ ਇਤਫ਼ਾਕ ਹੋ ਸਕਦਾ ਹੈ ਅਤੇ ਨਿਭ ਸਕਦਾ ਹੈ ? ਖਾਲਸਾ ਜੀ ਦਾ ਆਸ਼ਾ ਅਸੂਲ ਹੈ :

ਨਾਨਕ ਹੋਰਿ ਪਾਤਿਸਾਹੀਆ ਕੂੜੀਆ ਨਾਮਿ ਰਤੇ ਪਾਤਿਸਾਹ ॥ ੧੧ ॥

ਸਲੋਕ ਮ: ੩, ਪੰਨਾ ੧੪੧੩

ਗੁਰਵਾਕ ਦੇ ਭਾਵ ਅਨੁਸਾਰ ਸਚੇ ਅਬਚਲ ਅਬਿਨਾਸ਼ੀ ਪਰਮਾਰਥੀ ਰਾਜ ਮਾਨਣ ਦੀ ਆਤਮ-ਤ੍ਰੰਗੀ ਮੌਜ ਮਸਤੀ ਵਿਚ ਸੰਸਾਰ ਦੇ ਕੂੜਾਵੇ ਰਾਜ ਸਾਜ ਦੀ ਚਾਹ ਤ੍ਰਿਸ਼ਨਾ ਤੋਂ ਸਦਾ ਨਿਰਚਾਹ ਬੇਪਰਵਾਹ ਰਹਿਣਾ ਅਤੇ ਧਰਮ ਸ਼ੂਨ, ਨਾਮ ਬਿਹੂਨ ਆਨਮਤੀਆਂ ਦਾ ਆਸ਼ਾ ਅਸੂਲ ਹੋਵੇ ਸੰਸਾਰ ਦੀ ਮਾਇਕ ਤ੍ਰਿਸ਼ਨਾ ਭਰੀ ਸੁਰਾਜ ਦੀ ਕੂੜਾਵੀ ਚਾਹ ਅਤੇ ਮੰਗਤਿਆਂ ਵਾਲੀ ਕੰਗਲੀ ਮੰਗ, ਅਤੇ ਖਾਲਸਾ ਜੀ ਦਾ ਆਸ਼ਾ ਅਸੂਲ ਹੈ ਸਿਰੀ ਸਾਹਿਬ ਦੇ ਜ਼ੋਰ ਅਧਰਮ ਦਾ ਨਾਸ ਕਰਨਾ ਅਤੇ ਜ਼ੁਲਮ-ਰਹਿਤ ਧਰਮ ਦੇ ਰਾਜ, ਹਲੇਮੀ ਰਾਜ ਦਾ ਬਿਥਾਰਨਾ ਫੈਲਾਵਣਾ ਅਤੇ ਆਨਮਤੀਆਂ ਦਾ ਆਸ਼ਾ ਅਸੂਲ ਹੋਵੇ ਜ਼ਾਲਮ ਤੋਂ ਡਰਦੇ ਮਾਰੇ ਜ਼ੁਲਮ ਸਹਾਰਨ ਦੀ ਸੱਚੀ ਸਹਿਨ ਸ਼ੀਲਤਾ ਹੀਣੀ ਸ਼ੁਸ਼ਕ ਹਠ-ਅਧੀਨੀ ਸ਼ਾਂਤਮਈ ਪਾਲਿਸੀ ਆਪਣਾ ਧਰਮ ਕਰਮ ਗੰਵਾ ਕੇ ਭੀ ਸਹੇੜੀ ਰਖਣੀ ਤਾਂ ਖਾਲਸਾ ਜੀ ਦਾ ਤੇ ਅਜਿਹੀ ਆਨਮਤੀ ਕੌਮ ਦਾ ਇਤਫ਼ਾਕ ਕੇਹਾ ? ਫੇਰ ਖਾਲਸਾ ਜੀ ਦਾ ਇਸ਼ਟ ਰਹਿਬਰ ਹੈ ਸਰਬੱਗ ਸਤਿਗੁਰੂ ਗੁਰਦੇਵ ਅਤੇ ਕਿਸੇ ਆਨਮਤੀ ਕੌਮ ਦਾ ਰਹਿਬਰੀ ਇਸ਼ਟ ਹੋਵੈ ਕੋਈ ਅਲਪੱਗ ਇਖ਼ਲਾਕੀ ਆਗੂ ਰੀਫ਼ਾਰਮਰ । ਅਤੇ ਖਾਲਸਾ ਜੀ ਦਾ ਵਡਾ ਗੁਰਮਤਾ ਹੈ, ਆਪਣੇ ਅਕਾਲ ਪਠਾਏ ਗੁਰਦੇਵ ਦੇ ਅਕਾਲੀ ਅਸੂਲਾਂ ਉਤੇ ਚਲਣਾ ਅਤੇ ਆਨਮਤੀਆਂ ਦੀ ਮਨ-ਮਤ ਹੋਵੇ ਉਕਤ ਅਲਪਗ ਆਗੂ ਦੇ ਮਨਘੜਤ ਮਸਲਿਆਂ ਦੀ ਪੂਛ ਫੜੀ ਰਖਣਾ ਤਾਂ ਦਸੋ ਅਸਾਡਾ ਅਤੇ ਐਸੇ ਆਨਮਤੀਆਂ ਦਾ ਜਿਗਰੀ ਇਤਫ਼ਾਕ ਕਿਕੂੰ ਬਣੇ । ਫੇਰ ਖਾਲਸਾ ਜੀ ਅੰਦਰ ਹੈ ਇਕ ਅਕਾਲ ਦੇ ਨਾਮ ਦੀ ਨਾਮ-ਨਾਮੀ ਅਭੇਦ ਉਪਾਸ਼ਨਾ ਅਤੇ ਆਨਮਤੀਆਂ ਦੀ ਉਪਾਸ਼ਨਾ ਹੋਵੈ ਪ੍ਰਿਤਮਾ ਪੂਜਣ ਦੀ ਅਤੇ ਤੇਤੀ ਕ੍ਰੋੜ ਦੇਵਤਿਆਂ ਦੇ ਅਗੇ ਮਥੇ ਰਗੜਨ ਦੀ । ਤਾਂ ਭੀ ਖਾਲਸਾ ਜੀ ਅਤੇ ਅਜਿਹੇ ਆਨਮਤੀਆਂ ਦਾ ਅਜੋੜ ਹੀ ਰਿਹਾ ਅਤੇ ਅਸਲ ਇਤਫ਼ਾਕ ਨ ਹੋਣਾ ਪਾਇਆ । ਫੇਰ ਖਾਲਸਾ ਜੀ ਦੇ ਖਾਨ ਪਾਨ ਮਰਯਾਦਾ ਵਿਚ ਭੀ ਜ਼ਮੀਨ ਅਸਮਾਨ ਦਾ ਫ਼ਰਕ ਹੋਇਆ । ਖਾਲਸਾ ਜੀ ਨੇ ਨਿਰੇ ਜਿਹਬੀ ਰਸ ਦੀ ਖ਼ਾਤਰ ਜੀਵਾਂ ਨੂੰ ਬੇਦਰਦੀ ਨਾਲ ਕੁਹ (ਕਟ) ਕੇ ਤਿਆਰ ਕੀਤੇ ਕੁੱਠੇ (ਮਾਸ) ਦੇ ਨੇੜੇ ਨ ਜਾਣਾ ਅਤੇ ਹੜੇ ਹਲਾਲ ਨੂੰ ਹਰਾਮ ਸਮਝਣਾ ਪ੍ਰੰਤੂ ਆਨਮਤੀਆਂ ਨੇ ਹਲਾਲ ਹਰਾਮ ਦੀ ਕੋਈ ਤਮੀਜ਼ ਨ ਰਖਦੇ ਹੋਏ ਭਖ ਅਭਖ ਨੂੰ ਹੜੱਪ ਕਰੀ ਜਾਣਾ । ਖਾਲਸਾ ਜੀ ਨੇ ਜਗਤ-ਜੂਠ ਬਿਖਿਆ ਨੂੰ ਬਿਖ ਸਮਾਨ ਸਮਝਦੇ ਹੋਏ ਉਸ ਦਾ ਧੂਆਂ ਤਕ ਲੈਣ ਤੋਂ ਭੀ ਪਰਹੇਜ਼ ਕਰਨਾ ਅਤੇ ਜਗਤ ਭਰ ਦੀਆਂ ਆਨ ਕੌਮਾਂ



www.AKJ.Org

ਨੇ ਏਸੇ ਜਗਤ-ਜੂਠ ਨੂੰ ਸਭ ਅਹਾਰਾਂ ਤੋਂ ਪ੍ਰਿਆ ਅਹਾਰ ਸਮਝ ਕੇ ਇਸ ਦਾ ਸੇਵਨ ਕਰਨਾ। ਕੋਈ ਇਤਫ਼ਾਕ ਦੀ ਸੂਰਤ ਹੈ, ਪ੍ਰਸਪਰ ਅਸਾਡੇ ਅਤੇ ਸਮੂਹ ਆਨਮਤੀਆਂ ਵਿਖੇ ? ਕਦਾਚਿੱਤ ਨਹੀਂ। ਫੇਰ ਅਸਾਡਾ (ਖਾਲਸਾ ਜੀ ਦਾ) ਪਹਿਰਾਵਾ ਸ਼ਸਤਰਾਂ ਸੁਰਮਈ ਅਕਾਲੀ ਬਸਤਰਾਂ ਦਾ ਅਤੇ ਪੰਜ ਕਕਾਰਾਂ ਦੀ ਰਹਿਤ ਦਾ। ਕਛਹਿਰਾ ਸਜਾ ਕੇ ਹਰ ਦੰਮ ਨਗਾਰੇ ਵਾਂਗੂੰ ਡਟ ਕੇ ਤਿਆਰ-ਬਰ-ਤਿਆਰ ਗੁਰਮੁਖੀ ਪੁਸ਼ਾਕਿਆਂ ਅਤੇ ਦੂਹਰੇ ਸਜੀਲੇ ਦਸਤਾਰਿਆਂ ਅਤੇ ਗੁਰਮੁਖੀ ਦਾੜ੍ਹਿਆਂ ਵਾਲੇ ਦਿਦਾਰਿਆਂ ਸਹਿਤ ਸਜੇ ਧਜੇ ਸੂਰਬੀਰਾਂ ਦੀ ਸ਼ਾਨ ਵਿਚ ਰਹਿਣਾ ਤੇ ਕਿਥੇ ਧੋਤੀ ਪੁਸ਼ਾਕ ਸਿਰ ਮੂੰਹ ਮੁੰਨਿਆ ਅਤੇ ਦਾੜ੍ਹੀ ਮੁਛਾਂ ਮੁਨਾ ਕੇ ਚਟਮ ਕਰਾਈ ਰਖਣ ਵਾਲਿਆਂ ਟੋਪੀ-ਪੋਸ਼ਾਂ ਤੇ ਲੰਗੋਟੀ-ਲਪੇਟਾਂ ਤੇੜ ਤੜਾਗੀ ਦੇ ਸ਼ੁਕੀਨਾਂ ਦਾ ਕਾਇਰ ਕ੍ਰਾਂਤੀ ਗਿਦੜ-ਗੁੰਮੀ ਪਹਿਰਾਵਾ। ਕਦੇ ਅਸਾਡਾ ਅਤੇ ਓਹਨਾਂ ਦਾ ਅਸਲ ਇਤਫ਼ਾਕ ਜੜ-ਮੂਲੀ ਜੋੜ ਹੋ ਸਕਦਾ ਹੈ ? ਕਦੇ ਨਹੀਂ। ਕਦਾਚਿੱਤ ਨਹੀਂ।

ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥੧੬॥ ਵਾਰ ਮਾਝ, ਪੰਨਾ ੧੪੫

ਸੰਸਾਰੀ ਸਾਰੇ ਆਨਮਤੀ ਮਨਮਤੀ ਹਨ ਅਤੇ ਭਗਤ ਹਨ ਖਾਲਸਾ ਜੀ, ਹਰੀ ਜਨ, ਜੋ ਪ੍ਰੇਮਾ ਭਗਤੀ ਦੇ ਜਾਨਣਹਾਰ ਪੁਤਲੇ ਹਨ।

ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥੪॥੩॥ (੬੫੪)

ਜਿਸ ਪ੍ਰੇਮਾ ਭਗਤੀ ਦੇ ਪ੍ਰੇਮ-ਮੰਡਲ ਵਿਚ ਖਾਲਸਾ ਖੇਡਦਾ ਹੈ, ਜਦੋਂ ਤੀਕ ਓਸੇ ਪ੍ਰੇਮ-ਮੰਡਲ ਦੇ ਦਾਇਰੇ ਅੰਦਰ ਸਾਰੇ ਆਨਮਤੀ ਨਹੀਂ ਆ ਜਾਂਦੇ ਤਦ ਤੀਕ ਪੂਰਨ ਖਾਲਸ ਪ੍ਰੇਮ ਅਤੇ ਅਸਲੀ ਇਤਫ਼ਾਕ ਦੀ ਰੂਹ ਤਾਰ ਨਹੀਂ ਫਿਰ ਸਕਦੀ। ਇਸ ਰੂਹ ਤਾਰ ਦੇ ਫਿਰੇ ਬਿਨਾਂ ਓਪਰਾ ਇਤਫ਼ਾਕ ਇਤਫ਼ਾਕ ਕੂਕਣਾ ਕੀ ਅਰਥ ਰਖਦਾ ਹੈ ? ਸਿਰਫ਼ ਇਹ ਜ਼ਾਹਰ ਕਰਨ ਲਈ ਕਿ ਸਭ ਦੇਸ-ਵਾਸੀਆਂ ਦਾ ਪ੍ਰਸਪਰ ਇਤਫ਼ਾਕ ਹੈ, ਇਕ ਅਸਥਾਨ, ਇਕ ਦਸਤਰਖਾਨ, ਇਕ ਟੇਬਲ ਅਤੇ ਇਕ ਤਸ਼ਤਰੀ ਉਤੇ ਇਕੱਠੇ ਬੈਠ ਕੇ ਭਿੰਨ ਭਿੰਨ ਮਤਾਂ ਵਾਲਿਆਂ ਦਾ ਖਾਨ ਪਾਨ ਇਕੱਠਾ ਕਰ ਲੈਣਾ ਇਕ ਢਕਵੰਜ ਹੈ। ਖਾਸ ਕਰ ਖਾਲਸਾ ਜੀ ਲਈ ਤਾਂ ਇਸ ਢਕਵੰਜ ਦੇ ਕੁਫੇਰ ਵਿਚ ਪੈਣਾ ਨੜਿੰਨਵੇਂ ਵਾਲਾ ਘਾਟਾ ਹੈ। ਕਿਉਂਕਿ ਓਹ ਖਾਲਸਾ ਕੌਮ ਹੀ ਹੈ ਜਿਸ ਦੇ ਅੰਦਰਿ ਪਤਿਤ ਕਰਮਾਂ ਵਿਖੇ ਪਰਵਿਰਤ ਹੋਣ ਦੀ ਪਾਬੰਦੀ ਸੱਚੀ ਭੈ-ਭਾਵਨੀ ਕਰਕੇ ਹੈ। ਹੋਰ ਕੌਮਾਂ ਅੰਦਰਿ ਇਸ ਪਾਸਿਓਂ ਉਕੀ ਖੁਲ੍ਹੀ ਖੇਡ ਹੈ। ਕੋਈ ਕੌਮ ਐਸੀ ਹੈ ਜਿਸ ਦੇ ਅੰਦਰਿ ਜੇ ਕੋਈ ਪਰਤ੍ਰਿਆ-ਗਾਮੀ ਹੋਵੇ ਤਾਂ ਪਤਿਤ ਅਤੇ ਅਮਲੀ ਤੌਰ ਤੇ ਕੌਮ ਤੋਂ ਖਾਰਜ ਗਰਦਾਨਿਆ ਜਾਵੇ ? ਜੇ ਹੈ ਤਾਂ ਗੁਰਵਾਕ :

ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾਲਾਜੀਅਹਿ ॥...੮॥

ਫੁਨਹੇ ਮ: ੫, ਪੰਨਾ ੧੩੬੮

ਕੋਈ ਕੌਮ ਦੁਨੀਆ ਦੇ ਤਖ਼ਤੇ ਉਤੇ ਹੈ ਜਿਸਦੇ ਅੰਦਰਿ ਜੇ ਕੋਈ ਧੂਮਰ-ਪਾਨੀ ਬਿਖਿਆ ਭਛੀ ਹੋ ਜਾਵੇ ਤਾਂ ਕੌਮ ਉਸ ਨੂੰ ਤਲਾਂਜਲੀ ਦੇ ਦੇਵੇ ? ਬਲਕਿ ਨੜਿੰਨਵੇਂ ਫ਼ੀ ਸਦੀ ਹਰ ਏਕ ਕੌਮ ਵਿਚ ਅਜਿਹੇ ਬਿਖਿਆ-ਪਾਨੀ ਹੋਣਗੇ। ਏਹ ਖਾਲਸਾ ਕੌਮ ਹੀ ਹੈ ਜਿਸ ਵਿਚ ਜੇ ਕੋਈ ਤਨਕ ਮਾਤਰ ਭੀ ਤਮਾਕੂ ਦਾ ਸੇਵਨਹਾਰ ਦਿਸ ਪਵੇ ਤਾਂ ਤਤਕਾਲ ਪੰਥ ਵਿਚੋਂ ਛੇਕਿਆ ਅਤੇ ਪਤਿਤ ਗਰਦਾਨਿਆ ਜਾਂਦਾ ਹੈ। ਬੜੇ ਅਸਚਰਜ ਦੀ ਗੱਲ ਹੈ ਕਿ ਤਮਾਕੂ ਦੇ ਤਨਖਾਹੀ ਸਿਖ ਤਾਂ ਪਤਿਤ-ਕਰਮੀ ਸਮਝੇ ਜਾਣ ਕਰਕੇ ਪੰਥ ਵਿਚੋਂ ਖਾਰਜ ਕੀਤੇ (ਛੇਕੇ) ਜਾਣ। ਅਤੇ ਖੁਲ੍ਹ ਮਖੁਲ੍ਹਾ ਤਮਾਕੂ ਵਰਤਣ ਭਖਣ-ਹਾਰਿਆਂ ਨਾਲ ਖਾਨ ਪਾਨ ਦੇ ਵਰਤਾਰੇ ਦੀ ਖੁਲ੍ਹ ਖੇਡ ਵਿਚ ਰੰਚਕ ਭੀ ਭੈ ਭਰਮ ਨ ਰਖਿਆ ਜਾਵੇ।

ਕੀ ਇਹ ਚਗਲ-ਪੰਥੀ ਹੋਣ ਦੇ ਕੁਲਛਣ ਨਹੀਂ ? ਕੀ ਇਹ ਗੁਰਮਤਿ ਅਸੂਲਾਂ ਤੋਂ ਬੇਮੁਖ ਹੋਣਾ ਨਹੀਂ ? ਕੀ ਇਹ ਪਵਿਤਰ ਅੰਮ੍ਰਿਤ ਮਰਯਾਦਾ ਦੇ ਸਮੇਂ ਦ੍ਰਿੜ੍ਹਾਏ ਸ੍ਰੀ ਦਸਮੇਸ਼ ਜੀ ਦੇ ਹੁਕਮਾਂ ਨੂੰ ਲਤਾੜਨਾ ਨਹੀਂ ? ਅਤੇ ਇਸ ਬਿਧਿ ਏਹਨਾਂ ਹੁਕਮਾਂ ਨੂੰ ਰਹਿਤ ਰਹਿਣੀ ਦੇ "ਰਹਿਣੀ ਰਹੇ ਸੋਈ ਸਿਖ ਮੇਰਾ" ਵਾਲੇ ਹੁਕਮਾਂ ਨੂੰ ਲਤਾੜਨਾ ਅੰਮ੍ਰਿਤਧਾਰੀ ਸਿੰਘ ਦੀ ਪਦਵੀ ਤੋਂ ਪਤਿਤ ਹੋਣਾ ਨਹੀਂ ? ਭੰਗ ਦੇ ਭਾੜੇ ਕਉਡੀ ਬਦਲੇ ਰਤਨ ਤਿਆਗਣ



www.AKJ.Org

ਵਾਲੀ ਗੱਲ ਹੈ। ਖਾਨ ਪਾਨ ਦੀ ਸੁਖ-ਰਹਿਣੀ ਖੁਲ੍ਹ ਖੇਡ ਦੀ ਖਾਤਰ, ਲੋਕਾਚਾਰੀ ਇਤਫ਼ਾਕ ਦੇ ਪਰਪੰਚ ਦਿਖਾਵੇ ਦੀ ਖ਼ਾਤਰ ਅਤੇ ਬਪੁੜੇ ਸੁਰਾਜ ਦੀ ਦੇਖਾ ਦੇਖੀ ਲਾਲਸਾ ਦੀ ਖ਼ਾਤਰ, ਲੋਕ ਪ੍ਰਲੋਕ ਦੇ ਸਹਾਈ ਪ੍ਰਾਣੋਂ ਪਿਆਰੇ ਆਪਣੇ ਇਸ਼ਟ-ਅਸੂਲਾਂ ਨੂੰ ਧਕਾ ਦੇਣਾ ਕੰਚਨ ਬਦਲੇ ਕੋਇਲੇ ਦਾ ਬਿਹਾਜਣਾ ਹੈ। ਜੇ ਸਾਰੀ ਤ੍ਰਿਲੋਕੀ ਦਾ ਐਸ਼ੂਰਜ ਭੀ ਮਿਲਦਾ ਹੋਵੇ, ਓਸਦੇ ਬਦਲੇ ਗੁਰੂ ਕਾ ਸਿੰਘ ਬਿਬੇਕੀ ਗੁਰਮਤਿ ਅਸੂਲਾਂ ਦੀ ਕੁਰਬਾਨੀ ਕਦੇ ਨਹੀਂ ਕਰੇਗਾ। ਚਾਹੇ ਕਿਤਨੇ ਭੀ ਜਾਨ ਜੋਖੋਂ ਦੇ ਕਸ਼ਟਾਂ ਦਾ ਟਾਕਰਾ (ਮੁਕਾਬਲਾ) ਕਰਨਾ ਪਵੇ, ਪਰ ਗੁਰੂ ਕਾ ਸਚਿਆਰ ਸਿੰਘ ਬਿਬੇਕੀ ਆਪਣੇ ਬਿਬੇਕ ਅਸੂਲਾਂ ਤੋਂ ਕਦੇ ਨਹੀਂ ਥਿੜ੍ਹੇ ਥਿੜਕੇਗਾ। ਇਤਫ਼ਾਕ ਅਤੇ ਪ੍ਰੇਮ ਦਾ ਪਰਖ ਪਰਤਾਵਾ ਖਾਨ ਪਾਨ ਦੇ ਚਗਲ ਘਚੋਲੇ ਵਿਚ ਨਹੀਂ (ਏਹ ਮਹਿਜ਼ ਮੁਲੰਮਾ ਪਾਜ ਹੈ ਅਤੇ ਲੋਕਾਚਾਰੀ ਦਾ ਦਿਖਾਵਾ ਹੈ) ਕਿੰਤੂ ਪ੍ਰੇਮ ਭਰੀ ਹਮਦਰਦੀ ਵਾਲੀ ਸਹਾਇਤਾ ਵਿਚ ਹੈ।

ਗੁਰੂ ਸਾਹਿਬ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਅਸਮਰਥ ਅਤੇ ਮਜ਼ਲੂਮ ਆਨਮਤੀਆਂ ਦੀ ਫ਼ਰਿਆਦ ਸੁਣ ਕੇ ਦਿੱਲੀ ਸੀਸ ਜਾ ਅਰਪਣ ਕੀਤਾ। ਦਰਦਵੰਦਾਂ ਦੀਆਂ ਦਰਦ ਭਰੀਆਂ ਫ਼ਰਿਆਦਾਂ ਜਦੋਂ ਜਦੋਂ ਭੀ ਗੁਰੂ ਪੰਥ ਪਾਸ ਪੁਜੀਆਂ, ਤੁਰਤ ਖਾਲਸਾ ਜੀ ਨੇ ਸਹਾਇਤਾ ਕੀਤੀ। ਹਿੰਦੂਆਂ ਦੀਆਂ ਬਹੂ ਬੇਟੀਆਂ ਜਰਵਾਣਿਆਂ ਪਾਸੋਂ ਅਨੇਕ ਵਾਰ ਛੁਡਾਈਆਂ ਅਤੇ ਆਪੋ ਆਪਣੇ ਘਰੀਂ ਸਹੀ ਸਲਾਮਤ ਪੁਚਾਈਆਂ। ਕੀ ਏਸ ਤੋਂ ਵਧ ਕੇ ਪ੍ਰੇਮ ਦੀ ਇਤਫ਼ਾਕ ਭਰੀ ਅੰਸ ਸਪਿਰਟ ਦਾ ਉਦਾਹਰਨੀ ਨਮੂਨਾ ਕੋਈ ਮਿਲ ਸਕਦਾ ਹੈ ?

ਅਸਲ ਬਾਤ ਇਹ ਹੈ, ਜਿਸ ਕੌਮ ਅੰਦਰ ਧਰਮ ਭਾਵ ਅਤੇ ਪਰਉਪਕਾਰ ਦਾ ਮਾਦਾ ਕੁਟ ਕੁਟ ਕੇ ਭਰਿਆ ਹੋਵੇ, ਉਸ ਦੇ ਅੰਦਰ ਸੁਤੇ ਸੁਭਾਵ ਹੀ ਪ੍ਰੇਮ ਭਰੀ ਹਮਦਰਦੀ ਦੇ ਵਲਵਲੇ ਫੁੱਟ ਫੁੱਟ ਕੇ ਨਿਕਲਦੇ ਹਨ। ਜੋ ਪ੍ਰਾਣੀ ਮਾਤਰ ਨੂੰ ਪ੍ਰੇਮ ਦ੍ਰਿਸ਼ਟੀ ਨਾਲ ਦੇਖਦੇ ਹਨ, ਉਹ ਸਭਨਾਂ ਦਾ ਭਲਾ ਮਨਾਉਂਦੇ ਹਨ ਅਤੇ ਬੁਰਾ ਕਿਸੇ ਦਾ ਭੀ ਨਹੀਂ ਚਿਤਵਦੇ ਤੇ ਲੋਚਦੇ। ਬਸ ਇਤਫ਼ਾਕ ਅਤੇ ਪ੍ਰੇਮ ਦੀ ਸਚੀ ਨੀਂਹ ਧਰਮ ਉਤੇ ਹੈ। ਜਿਸਦੇ ਅੰਦਰਿ ਧਰਮ ਨਹੀਂ, ਉਸਦੇ ਰਿਦੰਤਰ ਉਪਰਲੀ ਪੋਚਾ-ਪਾਚੀ ਨਾਲ ਪ੍ਰੇਮ ਇਤਫ਼ਾਕ ਨਹੀਂ ਵਸ ਧਸ ਸਕਦਾ।

ਨਿਗੋਸਾਇਆਂ, ਧਰਮ-ਹੀਣ ਬੇਦੀਨ ਪੁਰਸ਼ਾਂ ਦੇ ਨਾਲ ਧਰਮ ਪੁੰਜ ਖਾਲਸਾ ਜੀ ਦਾ ਖਾਨ ਪਾਨ ਵਰਤੋਂ ਵਿਹਾਰ ਇਕ ਮਿਕ ਕਰ ਦੇਣਾ ਆਪਣੀ ਧਰਮ-ਕਲਾ ਦਾ ਨਾਸ ਕਰ ਦੇਣਾ ਹੈ। ਜਿਥੇ ਧਰਮ-ਕਲਾ ਨਹੀਂ ਉਥੇ ਪ੍ਰੇਮ ਨਹੀਂ, ਉਥੇ ਇਤਫ਼ਾਕ ਦਾ ਨਮੂਦ ਨਹੀਂ, ਉਥੇ ਕਲਹ ਕ੍ਰੋਧ ਵੈਰ ਵਿਰੋਧ ਪਰਧਾਨ ਹਨ। ਉਥੇ ਤ੍ਰਿਸ਼ਨਾ ਦਾ ਰਾਜ ਹੈ। ਉਥੇ ਖ਼ੁਦਗਰਜ਼ੀ ਪ੍ਰਬਲ ਹੈ। ਉਥੇ ਖ਼ੁਦੀ ਬਖ਼ੀਲੀ ਤਕੱਬਰੀ ਦਾ ਪਾਪ ਵਰਤਾਰਾ ਹੈ। ਇਹ ਸਾਰੀਆਂ ਬਲਾਵਾਂ ਓਥੇ ਪੈਂਦੀਆਂ ਹਨ ਜਿਥੇ ਧਰਮ-ਕਲਾ ਨਹੀਂ ਰਹਿੰਦੀ। ਅਤੇ ਧਰਮ-ਕਲਾ ਧਰਮ-ਹੀਣ ਬੇਦੀਨ ਪੁਰਸ਼ਾਂ ਦੇ ਨਾਲ ਖਾਨ ਪਾਨ ਰੂਪੀ ਵਰਤੋਂ ਵਿਹਾਰ ਕਰਨ ਕਰ ਉਡਦੀ ਹੈ ਅਤੇ ਇਸਦੇ ਉਡਨ ਕਰਿ ਤੇਜ ਪਰਤਾਪ ਭੀ ਉਡ ਜਾਂਦਾ ਹੈ। ਇਹ ਤੇਜ ਪਰਤਾਪ ਬੇਦੀਨ ਧਰਮ-ਹੀਣ ਆਨਮਤੀਆਂ ਤੋਂ ਨਿਆਰਾ ਰਹਿਣ ਕਰਿ ਸਾਰੇ ਦਾ ਸਾਰਾ ਜਿਉਂ ਕਾ ਤਿਉਂ ਕਾਇਮ ਦਾਇਮ ਰਹਿੰਦਾ ਹੈ। ਸਗੋਂ ਦਿਨੋ ਦਿਨ ਚੜ੍ਹਦੀ ਕਲਾ ਵਿਚ ਵਧਦਾ ਜਾਂਦਾ ਹੈ। ਜੋ ਜਨ ਗੁਰੂ ਦੇ ਸਿਖ ਸਦਾ ਕੇ ਗੁਰੂ ਕੇ ਬਚਨਾਂ ਗੁਰੂ ਕੇ ਹੁਕਮਾਂ ਦੀ ਪਰਤੀਤ ਨਹੀਂ ਕਰਦੇ ਅਤੇ ਬਿਪਰਾਵੀ ਆਨਮਤੀ ਰੀਤ ਗ੍ਰਹਿਣ ਕਰਦੇ ਹਨ, ਉਹਨਾਂ ਪ੍ਰਥਾਇ ਹੀ ਸ੍ਰੀ ਦਸਮੇਸ਼ ਜੀ ਉਚਾਰਦੇ ਹਨ : ਮੈ ਨ ਕਰਉਂ ਇਨ ਕੀ ਪ੍ਰਤੀਤ ॥

ਅੰਮ੍ਰਿਤ ਛਕਣ ਸਮੇਂ ਜੋ ਰਹਿਤ ਰਹਿਣੀਆਂ ਗੁਰੂ ਰੂਪ ਪੰਜਾਂ ਪਿਆਰਿਆਂ ਵਲੋਂ ਸਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਦ੍ਰਿੜ੍ਹਾਈਆਂ ਜਾਂਦੀਆਂ ਹਨ ਉਹ ਗੁਰੂ ਕੇ ਹੁਕਮ ਹਨ। ਗੁਰੂ ਦਸਮੇਸ਼ ਜੀ ਦੇ ਖ਼ਾਸ ਹੁਕਮ ਹਨ, ਜੋ ਸੀਨਾ-ਬਸੀਨਾ ਗੁਰੂ ਪੰਥ ਅੰਦਰ ਸ਼ਰਧਾ ਪੂਰਬਕ ਦ੍ਰਿੜ੍ਹ ਧਾਰਨਾ ਸਹਿਤ ਪ੍ਰਚੁਰ ਹੁੰਦੇ ਚਲੇ ਆਏ ਹਨ। ਜਿਨ੍ਹਾਂ ਤੋਂ ਕੋਈ ਸਚਿਆਰ ਸਿਖ ਬੇਮੁਖ (ਮੁਨਹਰਫ਼) ਨਹੀਂ ਹੋ ਸਕਦਾ। ਉਹਨਾਂ ਹੁਕਮਾਂ ਵਿਚੋਂ ਇਕ ਖਾਸ ਹੁਕਮ ਇਹ ਹੈ ਕਿ ਸਿਰ-ਗੁੰਮ (ਮੂੰਹ ਸਿਰ ਮੁੰਨੇ ਮੋਨੇ) ਨੜੀ-ਮਾਰ, ਕੁੜੀ-ਮਾਰ, ਮੀਣੇ, ਮਸੰਦ ਆਦਿਕ ਅਨ-ਮਤੀਆਂ ਨਾਲ



www.AKJ.Org

ਨਹੀਂ ਵਰਤਣਾ, ਅਰਥਾਤ ਉਹਨਾਂ ਦੇ ਨਾਲ ਰੋਟੀ ਬੇਟੀ ਦੀ ਸਾਂਝ ਨਹੀਂ ਰਖਣੀ। ਨਾ ਵਰਤਣ ਦਾ ਮੁਖ ਮਤਲਬ ਰੋਟੀ ਬੇਟੀ ਦੀ ਸਾਂਝ ਨ ਰਖਣ ਦਾ ਹੈ ਅਤੇ ਇਹ ਭਾਵ ਉਸ ਸਮੇਂ ਸਪਸ਼ਟ ਕਰਾਇਆ ਜਾਂਦਾ ਹੈ। ਇਸ ਹੁਕਮ ਰੂਪੀ ਬਚਨ ਉਪਰ ਜੋ ਜਨ ਸਿਖ ਹੋਣ ਦੀ ਹੈਸੀਅਤ ਵਿਚ ਨਹੀਂ ਚਲਦੇ, ਭਾਵ ਜੋ ਸਿਖ ਇਸ ਗੁਰੂ ਕੇ ਹੁਕਮ ਨੂੰ ਨਹੀਂ ਕਮਾਵੰਦੇ, ਉਹ ਸਚਿਆਰ ਸਿਖ ਵਾਲੀ ਬਿਬੇਕ ਪੂਰਤ ਪਦਵੀ ਤੋਂ ਹੇਠਾਂ ਡਿਗੇ ਹੋਏ ਹਨ।

ਗੁਰਸਿੱਖੀ ਦੀ ਬਿਬੇਕ ਕਮਾਈ ਦਾ ਪ੍ਰਾਰੰਭ ਹੁੰਦਾ ਹੀ ਏਥੋਂ ਹੈ ਕਿ : "ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ" ਦੇ ਬਿਬਰਜਤ ਹੁਕਮ ਸੰਦੀ ਆਨਮਤੀਆਂ ਦੇ ਨਾਲ ਰੋਟੀ ਬੇਟੀ ਦੀ ਸਾਂਝ ਵਰਤੋਂ ਨਾ ਰਖੀ ਜਾਵੇ। ਜੋ ਗੁਰਸਿਖ ਅੰਮ੍ਰਿਤ ਛਕਣ ਸਾਰ ਹੀ ਆਨਮਤੀਆਂ ਵਿਚ ਜਾ ਖਚਤ ਹੋਇਆ, ਉਸਦੀ ਆਤਮ-ਰੰਗਾਂ ਦੀ ਚੜ੍ਹਦੀ ਕਲਾ ਹੋ ਹੀ ਨਹੀਂ ਸਕਦੀ। ਉਸ ਦਾ ਤੇਜ ਪਰਤਾਪ ਕੀ ਵਧਣਾ ਸੀ ਅਤੇ ਉਸ ਦਾ ਤੇਜ ਪਰਤਾਪੀ ਖਾਲਸਮਈ ਜੁੱਸਾ ਕਿਥੋਂ ਕਰਾਰਾ ਹੋਣਾ ਸੀ, ਜਦ ਓਹ ਧਰਮ-ਹੀਣ ਬੇਦੀਨਾਂ ਵਿਚ ਮਿਲਗੋਭਾ ਜਾ ਹੋਇਆ।

ਪਰੰਤੂ ਜਿਸ ਗੁਰਸਿਖ ਪਿਆਰੇ ਗੁਰੂ ਸਵਾਰੇ ਜਗਿਆਸੂ ਨੂੰ ਪੂਰਨ ਪ੍ਰੇਮ ਹੈ, ਆਤਮ ਰੰਗ ਦੀਆਂ ਉਚਿਆਈਆਂ ਵਿਚ ਖੇਡਣ ਦੀ ਜਿਸ ਸਿੰਘ ਸਚਿਆਰ ਨੂੰ ਸੱਚੀ ਸ਼ਰਧਾ ਹੈ, ਨਾਮ ਦੇ ਜੋਤਿ ਵਿਗਾਸੀ ਤੇਜ ਪਰਤਾਪੀ ਰੰਗ ਮਾਨਣ ਦਾ ਜਿਸ ਸਿਦਕਵਾਨ ਸਿੰਘ ਸੂਰਮੇ ਨੂੰ ਦ੍ਰਿੜ੍ਹ ਵਿਸ਼ਵਾਸ ਭਰੋਸਾ ਹੈ, ਗੁਰੂ ਦੀਆਂ ਝਾਲਾਂ ਝਲਣ ਦਾ ਅਤੇ ਗੁਰੂ ਕੇ ਹੁਕਮਾਂ ਦੀਆਂ ਕਮਾਈਆਂ ਕਰਨ ਦਾ, ਓਹ ਹੁਕਮੀ ਬੰਦਾ ਬਿਬੇਕੀ ਸਿਖ ਏਸ ਹੁਕਮ ਨੂੰ ਹੁਕਮ ਮਿਲਣ ਸਾਰ ਹੀ ਕਮਾਵਣ ਲੱਗ ਪੈਂਦਾ ਹੈ। ਅਜਿਹੇ ਬਿਬੇਕੀ ਜਨਾਂ ਦੀਆਂ ਕਰਨੀਆਂ ਕਮਾਈਆਂ ਨੂੰ ਮਨ ਬਾਂਛਤ ਰੰਗ ਫਲ ਲਗਣ ਲਗ ਪੈਂਦੇ ਹਨ। ਜਿਉਂ ਜਿਉਂ ਇਹ ਰੰਗ ਲਗਦੇ ਹਨ ਤਿਉਂ ਤਿਉਂ ਉਹਨਾਂ ਦੀ ਸ਼ਰਧਾ ਹੋਰ ਵਧਦੀ ਜਾਂਦੀ ਹੈ। ਅਜਿਹੇ ਬਿਬੇਕੀ ਜਨਾਂ ਦੀਆਂ ਕਰਨੀਆਂ, ਬਿਬੇਕ ਕਮਾਈਆਂ ਕਰਕੇ ਅਜ ਤੀਕ ਖਾਲਸਾ ਪੰਥ ਦੀ ਨਿਰਾਲੀ ਹਸਤੀ ਵਾਲੀ ਸ਼ਾਨ ਕਾਇਮ ਹੈ, ਨਹੀਂ ਆਮ ਕੌਮਾਂ ਖਾਸ ਕਰ ਹਿੰਦੂ ਕੌਮ ਵਿਚ ਖਪ ਖੁਪ ਜਾਣੀ ਸੀ। ਅਜੇ ਬਹੁਤ ਸਾਰੇ ਅਜਿਹੇ ਸਿਖ ਮੌਜੂਦ ਹਨ ਕਿ ਕੇਸਾ-ਧਾਰੀ ਅੰਮ੍ਰਿਤ-ਧਾਰੀ ਹੁੰਦੇ ਹੋਏ ਭੀ ਮਰਦਮ-ਸ਼ੁਮਾਰੀ ਵਿਚ ਆਪਣੇ ਆਪ ਨੂੰ ਹਿੰਦੂ ਲਿਖਾਉਂਦੇ ਹਨ। ਵਜਹ ਕੀ ? ਵਜਹ ਇਹ ਹੈ ਕਿ ਉਹਨਾਂ ਦੀ ਵਰਤੋਂ ਵਿਉਹਾਰ ਅਤੇ ਸੰਸਕਾਰ ਅਜੇ ਹਿੰਦੂਆਂ ਵਾਲੇ ਹਨ। ਉਹਨਾਂ ਦੀ ਰੋਟੀ ਬੇਟੀ ਦੀ ਸਾਂਝ ਹਿੰਦੂਆਂ ਨਾਲ ਹੈ।

ਜਦ ਤਾਈਂ ਰੋਟੀ ਬੇਟੀ ਦੀ ਸਾਂਝ ਖਾਲਸੇ ਦੀ ਖਾਲਸੇ ਨਾਲ ਨਹੀਂ ਹੁੰਦੀ ਤਦ ਤਾਈਂ ਵਖਰੀ ਅਤੇ ਨਿਰਾਲੀ ਵਿਲੱਖਣ ਕੌਮ ਦੀ ਹਸਤੀ ਵਿਚ ਚੜ੍ਹਦਾ ਚਮਕਦਾ ਫਲਦਾ ਫੂਲਦਾ ਖਾਲਸਾ ਪੰਥ ਕਦੇ ਨਜ਼ਰ ਨਹੀਂ ਆਵੇਗਾ। ਅਗੇ ਤਾਂ ਬੇਦੀ ਮਤ ਦੀ ਸ੍ਰੇਣੀ ਵਾਲਿਆਂ ਆਨਮਤੀਆਂ ਵਿਚ ਘੁਲ ਮਿਲ ਘਿਚ ਵਾਸ ਹੋਣ ਕਰਕੇ ਹਿੰਦੂਆਂ ਨਾਲ ਖਾਨ ਪਾਨ ਦੀ ਖੁਲ੍ਹ ਖੇਡ ਖਾਲਸੇ ਜੀ ਨੂੰ ਖਾਈ ਜਾਂਦੀ ਸੀ, ਹੁਣ ਮਗਰਬੀ ਅਵਿਦਿਆ ਦੀ ਤਾਰੀਕੀ ਛਾ ਜਾਣ ਕਰਕੇ ਅਤੇ ਕਤੇਬੀ ਮਤ ਦੇ ਕੁਸੰਗ ਦੀ ਕੁਚਲਤਾ ਧਾ ਜਾਣ ਕਰਕੇ ਅਤੇ ਈਸਾਈਆਂ, ਮੂਸਾਈਆਂ, ਮੁਹੰਮਦੀਆਂ ਆਦਿਕ ਇਤਰ ਕੌਮਾਂ ਨਾਲ ਖਾਨ ਪਾਨ ਦਾ ਕੋਈ ਭਰਮ ਭੇਦ ਨ ਰਹਿਣ ਕਰਕੇ ਖਾਲਸਾ ਜੀ ਦੇ ਤੇਜ ਪਰਤਾਪ ਮਈ ਧਰਮ ਦੀ ਆਣ ਕਾਣ ਅਤੇ ਸ਼ਾਨ ਖੀਨ ਖਰਾਬ ਤੇ ਖੁਆਰ ਹੋ ਰਹੀ ਹੈ। ਅਸਾਡੇ ਲਈ ਬੇਦੀ ਕਤੇਬੀ ਮਤ ਦੋਈ ਅੰਨ੍ਹੇ ਕਾਣੇ ਹਨ। ਜੋ ਦੋਹਾਂ ਵਿਚੋਂ ਖਾਲਸਾ (ਗਿਆਨੀ) ਸਜ ਕੇ (ਅੰਨ੍ਹੇ ਕਾਣਿਓਂ) ਸਿਆਣਾ ਹੋ ਜਾਏ, ਉਨ੍ਹਾਂ ਦੇ ਨਾਲ ਅਸੀਂ ਅਭੇਦ ਵਰਤਾਂਗੇ। ਨਹੀਂ ਤਾਂ ਦੋਹਾਂ ਤੋਂ ਭਿੰਨ ਸਿਆਣੇ ਖਾਲਸੇ ਦੇ ਵਰਤੋਂ ਵਰਤਾਰੇ ਦਾ ਰਾਹ ਭੇਦ ਨਿਰਾਲਾ ਹੈ। ਬੇਦੀ ਮਤ ਵਾਲਿਆਂ ਨਾਲ ਅਭੇਦ ਅਤੇ ਕਤੇਬੀ ਮਤ ਵਾਲਿਆਂ ਨਾਲ ਭੇਦ ਕਿਉਂ ? ਅਤੇ ਦੋਹਾਂ ਦਾ ਭੇਦ ਮਿਟਾਵਣ ਲਈ ਦੋਹਾਂ ਨਾਲ ਹੀ ਖਾਨ ਪਾਨ ਦੀ ਵਰਤੋਂ ਵਿਹਾਰ ਕਰਨਾ ਚਾਲੂ ਹੋਣਾ ਹੈ।

ਕਿ ਆਪਣੇ ਦੋਹੂੰ ਕੁਪਟ ਪੰਥੀਆਂ ਤੋਂ ਖਾਨ ਪਾਨ ਦੀ ਵਰਤੋਂ ਵਿਹਾਰ ਵਿਚ ਅਟੰਕ (ਅਲਹਿਦਾ) ਰਹਿਣਾ ਛੂਤ ਛਾਤ ਵਾਲਾ ਭਰਮ ਭੇਦ ਨਹੀਂ, ਬਲਕਿ ਆਪਣੇ ਅਸੂਲ ਦੀ ਪਾਲਣਾ ਪੈਰਵੀ ਕਰਨਾ ਹੈ। ਛੂਤ ਛਾਤ ਦੀ ਕਾਣ ਉਥੇ



www.AKJ.Org

ਹੈ, ਜਿਥੇ ਜਨਮ ਜਾਤੀ ਦਾ ਅਭਿਮਾਨ ਹੋਵੇ । ਛੂਤ ਛਾਤ ਦੀ ਘ੍ਰਿਣਾ ਵਾਲੀ ਕਾਣ ਉਥੇ ਹੈ ।ਜਿਥੇ ਅਛੂਤ ਜਾਤੀਆਂ ਨੂੰ ਉਭਾਰ ਕੇ ਅਭੇਦ ਕਰਨ ਵਿਚ ਹੀਲ ਹੁੱਜਤ ਅਤੇ ਸੰਕੋਚ ਕੀਤੀ ਜਾਵੇ । ਬਿਨਾਂ ਉਭਾਰੇ ਕਿਸੇ ਭੀ ਜਨਮ ਜਾਤ ਦੇ ਪ੍ਰਾਣੀ ਨਾਲ ਅਭੇਦ ਵਰਤਣਾ ਉਸ ਪ੍ਰਾਣੀ ਨੂੰ ਉਭਾਰਨਾ ਨਹੀਂ, ਪ੍ਰੰਤੂ ਆਪ ਹੀ ਉਸ ਪ੍ਰਾਣੀ ਦੇ ਫੋਕਟ ਕਰਮੀ ਜਾਤ ਜਨਮ ਵਾਲੇ ਧਰਮ ਕਰਮ ਦੇ ਪਾਖੰਡ ਭਰਮ ਵਿਚ ਅਭੇਦ ਹੋ ਕੇ ਚੁਰਾਸੀ ਦੇ ਗੇੜ ਵਿਚ ਪੈਣਾ ਹੈ ।

ਦੁਨੀਆਵੀ ਰੀਫ਼ਾਰਵਰਾਂ ਨੇ ਨੀਚ ਜਾਤੀਆਂ ਦੇ ਨਾਲ ਅਭੇਦ ਖਾਨ ਪਾਨ ਕਰਨਾ ਉਹਨਾਂ ਦੇ ਉਭਾਰਨ ਦਾ ਮਸਲਾ ਸਮਝਿਆ ਹੋਇਆ ਹੈ ਅਤੇ ਨੀਚ ਜਾਤੀਆਂ ਨੇ ਭੀ ਆਪਣਾ ਉਭਰਨਾ ਏਸੇ ਗੱਲ ਵਿਚ ਸਮਝ ਛਡਿਆ ਹੈ ਕਿ ਉਚ ਜਾਤੀਆਂ ਵਾਲਿਆਂ ਨਾਲ ਉਹਨਾਂ ਦੀ ਅਭੇਦ ਵਰਤੋਂ ਹੋ ਜਾਏ । ਗੁਰਮਤਿ ਅੰਦਰ ਇਸ ਪ੍ਰਕਾਰ ਦਾ ਉਭਰਨਾ ਉਭਾਰਨਾ ਪ੍ਰਮਾਣੀਕ ਨਹੀਂ । 'ਅੰਮ੍ਰਿਤ ਨਾਮ' ਦੇ ਜੀਅ ਦਾਨ ਦੀ ਜੀਵਨ ਬੂਟੀ ਦੇ ਕੇ ਹਰ ਇਕ ਜਨਮ ਜਾਤੀ ਦੇ ਜੀਵ ਮਾਤਰ ਮਨੁਸ਼ ਮਾਤਰ ਦੇ ਜੀਵਨ ਨੂੰ ਅਮਰੀ ਜੀਵਨ ਵਿਚ ਸੁਰਜੀਤ ਕਰ ਦੇਣਾ ਅਸਲ ਉਭਾਰਨਾ ਹੈ । ਕਿਸੇ ਪ੍ਰਾਣੀ ਦਾ ਉਭਰਨਾ ਉਭਾਰਨਾ ਓਹ ਹੈ ਜਿਸ ਕਰਕੇ ਉਸਦਾ ਉਧਾਰ ਹੋ ਜਾਵੇ । ਇਸ ਬਿਧਿ ਅਮਰੀ ਜੀਵਨ ਵਿਚ ਸੁਰਜੀਤ ਹੋ ਕੇ ਜੋ ਉਭਰੇ ਉਧਰੇ ਹਨ ਓਹਨਾਂ ਦੇ ਨਾਲ ਖਾਨ ਪਾਨ ਅੰਦਰਿ ਅਭੇਦ ਵਰਤਣਾ ਸੱਚਾ ਪ੍ਰੇਮ ਬਿਵਹਾਰ ਹੈ । ਇਹ ਅਭੇਦ ਵਰਤੋਂ ਵਾਲਾ ਪ੍ਰੇਮ ਬਿਵਹਾਰ ਉਧਾਰ ਦੇ ਤਾਬੇ ਹੈ, ਨਾ ਕਿ ਉਧਾਰ ਅਭੇਦ ਬਿਵਹਾਰ ਦੇ ਤਾਬੇ ? ਉਧਾਰ ਬਿਹੂਣ ਅਭੇਦ ਬਿਵਹਾਰ ਕਰਨ ਵਿਚ ਦੋਹਾਂ ਦਾ ਵਿਗਾੜ ਹੈ । ਅਭੇਦ ਕਰਨ ਵਾਲਿਆਂ ਦਾ ਭੀ ਅਤੇ ਅਭੇਦ ਹੋਣਹਾਰਿਆਂ ਦਾ ਭੀ । ਅਭੇਦ ਹੋਣ ਵਾਲਿਆਂ ਦਾ ਤਾਂ ਇਸ ਲਈ ਕਿ ਓਹਨਾਂ ਦਾ ਕੁਛ ਸੌਰਦਾ ਨਹੀਂ ਅਤੇ ਬਿਨਾਂ ਸੰਵਰੇ ਦੇ ਆਪਣੇ ਆਪ ਵਿਚ ਫੁਲਿ ਫੁਲਿ ਬਹਿੰਦੇ ਹਨ ਅਤੇ ਬਹਿ ਬਹਿ ਬਫਾਉਂਦੇ ਹਨ ਕਿ ਅਸੀਂ ਕੁਛ ਬਣ ਗਏ । ਬਣਦਾ ਬੁਣਦਾ ਓਹਨਾਂ ਦਾ ਕੱਖ ਭੀ ਨਹੀਂ, ਨਿਰਾ ਹੰਕਾਰ ਹੀ ਵਧਦਾ ਹੈ । ਬਿਨਾ ਕੁਝ ਬਣੇ ਸੰਵਰੇ ਤੇ ਐਵੇਂ ਵਾਧੂ-ਬਫਾਉਣਾ, ਬਿਨ ਗੁਣ ਗਰਬ ਕਰਨਾ ਹੈ, ਅਤੇ–

ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥੧੫॥

ਸਲੋਕ ਮ: ੧, ਪੰਨਾ ੧੪੧੧

ਗੁਰਵਾਕ ਦੇ ਭਾਵ ਅਨੁਸਾਰ ਅਸਲ ਖਰ (ਗੱਧਾ) ਬਣਨਾ ਹੈ । ਅਭੇਦ ਕਰਨਹਾਰਿਆਂ ਦਾ ਬਿਗਾੜ ਇਸ ਲਈ ਹੈ ਉਹ ਆਪਣੇ ਧਰਮ ਅਸੂਲ ਤੋਂ ਗਿਰਦੇ ਹਨ ਅਤੇ ਜਿਨ੍ਹਾਂ ਦਾ ਖ਼ਾਤਰ ਗਿਰਦੇ ਹਨ, ਉਹਨਾਂ ਦਾ ਕੁਝ ਸੌਰਦਾ ਨਹੀਂ । ਸਗੋਂ ਉਕਤ ਧਰਮ-ਹੀਨ ਬੇਦੀਨ ਪੁਰਸ਼ਾਂ ਨਾਲ ਅਭੇਦ ਖਾਣ ਕਰਕੇ ਉਹਨਾਂ ਦੀ ਧਰਮ-ਹੀਨਤਾ ਬੇਦੀਨਤਾ ਦਾ ਲਛਣ ਲੇਸ ਆਪਣੇ ਆਪ ਨੂੰ ਲਾਉਂਦੇ ਹਨ । ਕੌਮੀ ਇਤਫ਼ਾਕ ਵਾਲੀ ਪਾਜ-ਲਾਲਸਾ ਭੀ ਪੂਰੀ ਨਹੀਂ ਹੁੰਦੀ ।

[ਗੁਰਮਤਿ ਬਿਬੇਕ' ਪੁਸਤਕ ਵਿਚੋਂ

## ਆਤਮਕ ਜੀਵਨ ਬੁਧੀ ਦੀ ਖੇਡ ਨਹੀਂ

ਆਤਮ ਜੀਵਨ ਨੂੰ ਅਕਸਰ ਲੋਕੀ ਦਿਮਾਗੀ (intellectual) ਖੇਡ ਬਣਾਇਆ ਲੋੜਦੇ ਹਨ, ਪਰ ਰੂਹਾਨੀਅਤ (spiritualism) ਦੇ ਗੂੜ੍ਹ ਆਤਮਿਕ ਭੇਦ ਨੂੰ ਸਮਝਣ ਲਈ ਨਿਰਾ ਮਾਨਸਿਕ ਸ਼ਕਤੀ ਤੇ ਬੁਧੀ ਬਲ (intellectualism) ਦੁਆਰਾ ਕਿਵੇਂ ਤਸੱਲੀ ਹੋ ਸਕਦੀ ਹੈ । ਐਵੇਂ ਦਿਲ-ਪ੍ਰਚਾਵਾ ਹੀ ਹੈ । ਮਾਨਸਿਕ ਵਿਦਿਆ ਦੇ ਟੀਸੀ ਦੇ ਵਿਦਵਾਨ ਭੀ ਆਤਮਾ ਦੀ ਪ੍ਰਮਾਰਥਿਕ ਕਥਾ (divinity) ਨੂੰ ਅਧਿਆਤਮਕ ਤੇ ਦਾਰਸ਼ਨਿਕ ਵਿਆਖਿਆ (ਅਰਥਾਤ ਫ਼ਿਲਾਸਫ਼ੀ ਦੁਆਰਾ ਗਾਖ ਨਹੀਂ ਸਕਦੇ । ਪਰਮ ਆਤਮਿਕ ਨੌਈਅਤ ਗਾਖਣ (ਖੋਜਣ) ਪਰਖਣ ਲਈ ਅਧਿਆਤਮਕ ਤੇ ਮਾਨਸਕ ਬੁਧੀ ਵਾਲੀਆਂ ਅਲਪੱਗ ਕਸੌਟੀਆਂ ਲਾਉਣਾ ਬਹੁਤ ਅਨੁਚਿਤ ਹੈ ।

['ਗੁਰਮਤਿ ਰਮਜ਼ਾਂ ਵਿਚੋਂ'



www.AKJ.Org

# ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ

(ਸਚਖੰਡ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ ਦੀ ਕਲਮ ਤੋਂ)

ਖਾਲਸਾ ਜੀ ਅੰਦਰ ਹਿੰਦੂਆਂ ਦੀ ਨਿਆਈਂ ਨਿਖੜੰਮੀ ਛੂਤ ਛਾਤ ਵਾਦੀ, ਭਰਮ ਭੇਦ ਵਾਦੀ ਬੀਮਾਰੀ ਮੂਲ ਮੁੱਢੋਂ ਹੀ ਹੈ ਨਹੀਂ । ਖਾਲਸਾ ਜੀ ਦੇ ਨਿਕਟ ਅਛੂਤ ਜਾਤੀ ਹੀ ਕੋਈ ਨਹੀਂ, ਐਵੇਂ ਕਲਪਨਾ ਹੀ ਹੈ । ਖਾਲਸਾ ਮਤ ਦੇ ਅਸੂਲ ਅਨੁਸਾਰ ਸਭ ਜਨਮ ਜਾਤੀਆਂ ਇਕਸਾਰ ਹਨ । ਮਾਣਸ ਜਨਮ ਜਾਤੀ ਅੰਦਰਿ ਜਿਤਨੇ ਭੀ ਪ੍ਰਾਣੀ ਹਨ, ਖਾਲਸਾ ਜੀ ਦੇ ਭਾਣੇ ਸਭ ਸਮਾਨ ਹੀ ਹਨ, ਕੋਈ ਘ੍ਰਿਣਾ ਯੋਗ ਨਹੀਂ । ਯਥਾ ਸ੍ਰੀ ਦਸਮੇਸ਼ ਵਾਕ :

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ, ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ, ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ, ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ, ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ ॥੧੫॥੮੫॥

ਸ੍ਰੀ ਅਕਾਲ ਉਸਤਤ

ਸੋ ਖਾਲਸਾ ਜੀ ਦੇ ਭਾਣੇ ਮਾਨਸ ਦੀ ਜਾਤ ਸਭ ਇਕ-ਸਮਾਨ ਹੈ । ਕੀ ਹਿੰਦੂ, ਕੀ ਮੁਸਲਮਾਨ, ਕੀ ਚੂਹੜਾ, ਕੀ ਚਮਾਰ, ਸਭ ਇਕ-ਰੂਪ ਹਨ । ਕਿਸੇ ਨਾਲ ਰਾਗ ਨਹੀਂ, ਕਿਸੇ ਨਾਲ ਦ੍ਵੈਸ਼ ਨਹੀਂ, ਕਿਸੇ ਨਾਲ ਨਫਰਤ ਨਹੀਂ, ਕਿਸੇ ਨਾਲ ਖ਼ਾਸ ਖ਼ਸੂਸੀਅਤ ਵਾਲੀ ਰਗ਼ਬਤ ਨਹੀਂ, ਕਿਸੇ ਨਾਲ ਪਖ਼ਸ਼ ਨਹੀਂ, ਕਿਸੇ ਨਾਲ ਧੱਕਾ ਨਹੀਂ, ਕਿਸੇ ਨਾਲ ਵੈਰ ਵਿਰੋਧਤਾ ਨਹੀਂ, ਕਿਸੇ ਨਾਲ ਸ਼ਰੀਕਾ ਤਾਤ ਪ੍ਰਾਈ ਨਹੀਂ, ਜੈਸੇ ਕਿ ਇਸ ਗੁਰਵਾਕ ਦਾ ਭਾਵ ਹੈ :

ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧ ਸੰਗਤਿ ਮੋਹਿ ਪਾਈ ॥੧॥ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥ ੧ ॥
ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ ॥ ੨ ॥
ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ ॥ ੩ ॥ ੮ ॥

ਕਾਨੜਾ ਮ: ੫, ਪੰਨਾ ੧੨੯੯

ਸੋ ਖਾਲਸਾ ਜੀ ਦੇ ਭਾ ਦਾ ਨ ਕੋਈ ਬੈਰੀ ਹੈ ਨ ਬਿਗਾਨਾ ਹੈ, ਸਗੋਂ : "ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ॥" ਅਤੇ– "ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ ॥" ਦੇ ਭਾਵ ਵਾਲੀ ਵਾਸਤਵੀ ਧਾਰਨਾ ਖਾਲਸਾ ਜੀ ਦੇ ਅੰਦਰਿ (ਰਿਦੰਤਰ) ਹੋਣ ਕਰਕੇ ਖਾਲਸਾ ਜੀ ਦੀ ਸਗਲ ਸੰਗਿ ਹੀ (ਮਾਨੁਸ਼ ਮਾਤਰ ਸੰਗਿ ਹੀ) ਬਣਿ ਆਈ ਹੈ। ਅਤੇ ਸਭਨਾਂ ਦੇ ਘਟਾਂ ਅੰਦਰਿ ਇਕੋ ਅਕਾਲ ਪੁਰਖ ਰਵਿ ਰਹਿਆ ਪੇਖ ਕੇ ਖਾਲਸਾ ਸਦਾ ਹੀ ਬਿਗਸਦਾ ਰਹਿੰਦਾ ਹੈ । ਸਗੋਂ ਖਾਲਸਾ ਜੀ ਨੂੰ ਮਨ ਬਚ ਕਰਮ ਕਰਕੇ ਇਹ ਉਮਾਹ ਉਤਸ਼ਾਹ ਰਹਿੰਦਾ ਹੈ ਕਿ ਜਿਵੇਂ ਖਾਲਸਾ ਜੀ ਦੇ ਆਪਣੇ ਘਟ ਅੰਤਰਿ ਜਾਗਤ ਜੋਤਿ ਨਿਸ ਬਾਸਰ ਹੀ ਜਗਦੀ ਰਹਿੰਦੀ ਹੈ ਤਿਵੇਂ ਹੀ ਪ੍ਰਾਣੀ ਮਾਤਰ ਦੇ ਘਟ ਅੰਤਰਿ ਭੀ ਜਗੇ । ਪ੍ਰੰਤੂ ਇਹ ਤਦੋਂ ਹੀ ਹੋ ਸਕਦਾ ਹੈ ਜੇ ਓਹ ਖਾਲਸਾ ਸਜਣ ਅਤੇ ਜੀਆ ਦਾਨ ਦੀ ਅੰਮ੍ਰਿਤ-ਕਣੀ ਦੇ ਅਧਿਕਾਰੀ ਬਣਨ। ਖਾਲਸਾ ਜੀ ਦਾ ਐਸਾ ਉਤਸ਼ਾਹ ਉਮਾਹ ਨਿਰੋਲ ਅਤੇ ਅਸਲ ਪਰ-ਉਪਕਾਰੀ ਜਜ਼ਬਾ ਹੈ, ਨਾ ਕਿ ਛੂਤ ਛਾਤੀ ਨਫਰਤ ਨਿਹਾਰਾ।

**ਖਾਲਸੇ ਦੀ ਸਮਦ੍ਰਿਸ਼ਟੀ–**

ਜਿਨ੍ਹਾਂ ਗੁਰਮਤਿ ਰਹਿਣੀ ਕਰਨੀ ਦੇ ਬਿਬੇਕੀ ਜਨਾਂ ਨੇ "ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ"* ਰੂਪੀ ਗੁਰੂ ਹੁਕਮ ਨੂੰ ਸਰਬ ਸੰਸਾਰੀਆਂ ਸੇਤੀ ਵਰਤੋਂ ਵਰਤਾਰੇ ਦੇ ਉਚ ਅਚਾਰ

*ਧਨਾਸਰੀ ਮਹਲਾ ੫, ਪੰਨਾ ੬੭੧



www.AKJ.Org

ਦਾ ਆਦਰਸ਼ ਬਣਾਇਆ ਹੋਵੇ ਉਹਨਾਂ ਦੇ ਅੰਦਰ ਨਫ਼ਰਤ ਭਰੀ ਛੂਤ ਛਾਤ ਦੀ ਆਣ ਕਾਣ ਕਦੋਂ ਰਹਿ ਸਕਦੀ ਹੈ ? ਜਿਨ੍ਹਾਂ ਨੂੰ ਛੂਤ ਛਾਤ ਦੀ ਕਾਣ ਹੈ; ਜਿਨ੍ਹਾਂ ਦੇ ਅੰਤਰਿ ਆਤਮੇ ਧਰਮ ਦੀ ਅਣਖ ਆਣ ਅਤੇ ਆਤਮ ਉਚਾਣ ਮਈ ਤਾਣ ਅਹਿਸਾਸ ਸ਼ਕਤੀ ਹੈ ਨਹੀਂ, ਓਹ ਕਤੇਬੀ ਮਤ ਵਾਲਿਆਂ ਤੋਂ ਅਤੇ ਜਗਤ ਪ੍ਰਸਿਧ ਅਛੂਤ ਜਾਤੀਆਂ ਤੋਂ ਭਰਮ ਭੇਦ ਰਖਦੇ ਹਨ ਅਤੇ ਬੇਦੀ ਮਤ ਵਾਲੀ ਹਿੰਦਵਾ'ਨ ਦੇ ਨਾਲ ਖਾਨ ਪਾਨ ਦੀ ਖਲਜਗਣ ਦਾ ਚਗਲਪਣ ਰਖਣ ਵਿਚ ਖਚਤ ਰਹਿੰਦੇ ਹਨ । ਅਸਾਡੇ ਨਜ਼ਦੀਕ ਹਿੰਦੂ, ਮੁਸਲਮਾਨ, ਈਸਾਈ, ਮੂਸਾਈ, ਬ੍ਰਹਿਮਣ, ਛਤਰੀ, ਸੂਦਰ, ਵੈਸ਼, ਡੋਮ, ਚੰਡਾਲ, ਮਲੇਛ, ਹਬਸ਼ੀ, ਸਭ ਮਨੁਖ ਦੀ ਏਕੋ ਜਾਤ ਵਿਚੋਂ ਹੋਣ ਕਰਕੇ ਸਮਾਨ ਅਤੇ ਇਕਸਾਰ ਹਨ । ਯਥਾ ਗੁਰਵਾਕ :

ਬ੍ਰਹਮਨ ਬੈਸ ਸੂਦ ਅਰੁ ਖਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ ॥
ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ ॥੧॥

ਬਿਲਾਵਲ ਰਵਿਦਾਸ ਜੀ, ਪੰਨਾ ੮੫੮

ਅਤੇ ਖਾਲਸਾ ਸਜਣ ਦਾ ਅਧਿਕਾਰ ਭੀ ਸਭਨਾਂ ਦਾ ਇਕ ਸਮਾਨ ਅਤੇ ਇਕੋ ਜਿਹਾ ਹੈ । ਪ੍ਰੰਤੂ ਬਿਨਾਂ ਖਾਲਸਾ ਸਜਾਏ ਤੇ ਓਹਨਾਂ ਨਾਲ ਖਾਨ ਪਾਨ ਦੀ ਅਭੇਦਤਾ ਕਰਨਾ ਆਪ ਅੰਨ੍ਹੇ ਖਾਤੇ ਵਿਚ ਫੇਰ ਮੁੜ ਕੇ ਡਿਗਣਾ ਅਤੇ ਉਹਨਾ ਨੂੰ ਡਿਗੇ ਰਹਿਣ ਦੇਣਾ ਹੈ । ਇਹ ਮਿੱਤਰਤਾ ਨਹੀਂ ! ਓਹਨਾਂ ਦੇ ਨਾਲ ਉਲਟਾ ਵੈਰ ਕਹਨਾ ਹੈ ਅਤੇ ਆਪਣੇ ਪੈਰ ਆਪ ਕੁਹਾੜਾ ਮਾਰਨਾ ਹੈ । ਗੁਰਮਤਿ ਰੂਪੀ ਸੱਚੇ ਧਰਮ ਤੋਂ ਹੀਣੇ ਬੇਦੀਨ ਪੁਰਸ਼ਾਂ ਨਾਲ ਅਥਵਾ ਖਾਲਸਾ ਧਰਮ ਤੋਂ ਪਤਿਤ ਪੁਰਸ਼ਾਂ ਨਾਲ ਅਭੇਦ ਵਰਤਾਉ ਰਖਣਾ ਮਾਨੋਂ ਓਹਨਾਂ ਨੂੰ ਪਤਿਤੋਂ ਪਵਿਤਰ ਹੋ ਜਾਣ ਵਾਲੀ ਪਉੜੀ ਉਤੇ ਨ ਚੜ੍ਹਨ ਦੇਣਾ ਹੈ ਅਤੇ ਖਾਲਸਾ ਧਰਮ ਕਲਾ ਤੋਂ ਵਾਂਜੇ ਰਖਣਾ ਹੈ ਤੇ ਪਤਿਤ ਦਾ ਪਤਿਤ ਹੀ ਰਹਿਣ ਦੇਣ ਦੀ ਹਲਾਸ਼ੇਰੀ ਦੇਣਾ ਹੈ ਕੀ ਓਹ ਓਹਨਾਂ ਦੇ ਨਾਲ ਵੈਰ ਅਤੇ ਧਰੋਹ ਕਮਾਉਣਾ ਨਹੀਂ ? ਜਦੋਂ ਖਲ ਖੰਡ ਦਾ ਇਕੋ ਭਾ ਹੋ ਗਿਆ ਤਾਂ ਪਤਿਤ ਤੋਂ ਪਵਿਤਰ ਹੋਣ ਦੀ ਤਾਂਘ ਕਿਥੇ ਰਹੀ ? ਅਤੇ ਧਰਮ ਸੁਨ ਅਵਸਥਾ ਵਿਚੋਂ ਨਿਕਲ ਕੇ ਧਰਮ-ਸੀਲ ਹੋਣ ਦਾ ਉਮਾਹਾ ਕਿਥੇ ਰਿਹਾ ? ਸੱਚੇ ਧਰਮ ਦੀ ਸੱਚੀ ਪਾਣ ਚੜ੍ਹੇ ਬਿਨਾਂ ਜੇ ਤਾਂ ਨਿਰੀ ਖਾਣ ਪੀਣ ਦੀ ਖਲਜਗਣ ਨਾਲ ਹੀ ਕਿਸੇ ਪਤਿਤ ਪੁਰਸ਼ ਦਾ ਜੀਵਨ ਪਵਿਤਰ ਹੋ ਸਕਦਾ ਹੋਵੇ ਯਾ ਕੋਈ ਧਰਮ-ਹੀਣ ਬੇਦੀਨ ਪ੍ਰਾਣੀ ਖਾਲਸ ਧਰਮੀ ਅਤੇ ਸੱਚਾ ਦੀਨਦਾਰ ਬਣ ਸਕਦਾ ਹੋਵੇ, ਤਦ ਤਾਂ ਖਾਨ ਪਾਨ ਦੀ ਬੇ-ਤਮੀਜ਼ ਅਭੇਦਤਾ ਨੂੰ ਇਕ ਮੰਨਣ ਯੋਗ (ਕਾਬਲਿ ਤਸਲੀਮ) ਜਾਦੂ ਭਰਿਆ ਮਸਲਾ ਸਮਝਿਆ ਜਾ ਸਕਦਾ ਹੈ । ਪਰ ਜੇ ਇਹ ਨਿਰੀ ਖਲਜਗਣ ਅਤੇ ਚਗਲ-ਪੁਣਾ ਹੀ ਹੈ ਅਤੇ ਇਸ ਵਿਚ ਅਸਲ ਸਚਾਈ ਭਲਾਈ ਜਾਂ ਬਰਕਤ ਕੁਛ ਭੀ ਨਹੀਂ ਤਾਂ ਇਹ ਨਿਰਾ ਲਾਭ-ਹੀਣ ਬੇ-ਸਮਝੀ ਅਤੇ ਮਨ ਦੀ ਮਤ ਦਾ ਥੋਥਾ ਤੇ ਫੋਕਾ ਢਕੌਂਸਲਾ ਹੀ ਹੈ, ਜਿਸਨੂੰ ਰੱਦੀ ਦੇ ਟੋਕਰੇ ਵਿਚ ਸਿਟ ਕੇ ਕੂੜੇ ਘਟੇ ਵਿਚ ਮਿਲਾ ਦੇਣਾ ਹੀ ਉਚਿਤ ਹੈ । ਅਸੀਂ ਜੇ ਬੇਦੀਨਾਂ ਧਰਮ-ਹੀਣਾਂ ਨੂੰ ਉਭਾਰਨਾ ਹੈ ਤਾਂ ਆਪਣੇ ਨਿਜ ਧਰਮ ਦੀ ਸਚਾਈ ਖਾਲਸਤਾਈ ਵਾਲੇ ਅਮਲੀ ਜੀਵਨ ਮਈ ਖਾਲਸ ਪੂਰਨੇ ਪਾ ਕੇ ਉਭਾਰਨਾ ਹੈ । ਅਸਾਡੇ ਜੀਵਨ-ਪੂਰਨਿਆਂ ਦੀ ਵਿਲੱਖਣਤਾ ਨੇ ਹੀ ਉਕਤ ਆਨਮਤੀਆਂ ਦੇ ਅੰਦਰਿ ਅਸਲ ਅਕ੍ਰਖਣੀ ਖਿਚ ਉਤਪੰਨ ਕਰਨੀ ਹੈ ਅਤੇ ਇਸ ਖਿਚ ਦੁਆਰਾ ਖਿਚੇ ਜਾ ਕੇ ਹੀ ਉਹਨਾਂ ਨੇ ਖਾਲਸਾ ਧਰਮ ਅੰਦਰ ਆਉਣਾ ਹੈ ।

## ਖਾਲਸੇ ਦੀ ਨਿਰਲੇਪਤਾ ਤੇ ਨਿਰਾਲੀ ਰਹਿਣੀ–

ਖਾਲਸਾ ਜੀ ਨੇ ਸਭ ਸੰਸਾਰੀਆਂ ਤੋਂ ਨਿਆਰੇ ਅਤੇ ਨਿਰਲੇਪ ਜਲ ਕੰਵਲ ਵਤ ਅਲੇਪ ਰਹਿ ਕੇ ਗੁਰਮਤਿ ਧਰਮ ਦੇ ਅਸੂਲਾਂ ਉਤੇ ਚਲਣਾ ਹੈ । ਅਰਥਾਤ, ਖਾਲਸਾ ਧਰਮ ਦੀਆਂ ਰਹਿਤ ਰਹਿਣੀਆਂ ਨੂੰ ਕਮਾਵਣਾ ਹੈ ਅਤੇ ਏਹਨਾਂ ਨਿਆਰੀਆਂ ਨਿਰਲੇਪ ਕਮਾਈਆਂ ਦੁਆਰਾ ਪਹਿਲਾਂ ਆਪਣਾ ਆਪ ਪ੍ਰਬੋਧ ਕੇ ਪਾਛੈ ਅਵਰਾਂ ਨੂੰ ਰੀਝਾਵਣਾ ਹੈ ਅਤੇ ਇਸ ਆਪ ਪ੍ਰਬੋਧਣ ਦੇ ਪ੍ਰਯਤਨ ਅੰਦਰਿ ਕੁਸੰਗੀਆਂ, ਕੁਮੱਤੀਆਂ, ਕੁਕਰਮੀਆਂ ਦਾ ਕੁਸੰਗ, ਕੁਮੱਤ, ਕੁਕਰਮ ਭਰਿਆ ਕੁਲੱਛਣ ਲੇਸ ਆਪਣੇ ਆਪ ਨੂੰ ਨ ਲਗਣ ਦੇਣਾ ਗੁਰਮਤਿ ਬਿਬੇਕੀ ਜਨਾਂ ਦੀ ਖਾਲਸਈ ਸੂਰਮਤਾਈ ਦਾ ਇਕ ਉਤਮ ਕਾਰਨਾਮਾ ਹੈ, ਨਾ ਕਿ ਨਫ਼ਰਤ ਦਾ ਨਮੂਨਾ ਕਾਇਮ ਕਰਨਾ । ਗੁਰਮਤਿ ਜਗਿਆਸਾ ਦੀ ਅਲੂੜ



www.AKJ.Org

ਅਵਸਥਾ ਅੰਦਰਿ ਬੇਦੀਨ ਧਰਮਹੀਨ ਆਨਮਤੀ ਪੁਰਸ਼ਾਂ ਦੀ ਕੁਸੰਗ ਦੋਸਤੀ ਤੋਂ ਦੂਰ ਰਹਿਣਾ, ਅਤੇ ਓਹਨਾਂ ਦੇ ਨਾਲ ਖਾਨ ਪਾਨ ਦੀ ਵਰਤੋਂ ਵਿਉਹਾਰ ਤੋਂ ਬਚੇ ਬਰਜੇ ਰਹਿਣਾ ਉਕਤ ਪੁਰਸ਼ਾਂ ਦੀ ਜ਼ਾਤ ਤੋਂ ਨਫ਼ਰਤ ਕਰਨਾ ਨਹੀਂ, ਬਲਕਿ ਉਹਨਾਂ ਦੀ ਜ਼ਾਤ ਦੇ ਅੰਦਰਿ, ਜ਼ਾਤੀ ਆਚਾਰ ਦੇ ਅੰਦਰ ਧਸੇ ਅਤੇ ਰਮੇ ਹੋਏ ਕ੍ਰਾਨਿਕ (chronic) ਪੁਰਾਣੇ ਰੋਗਾਂ ਦੀ ਕੁਵੇੜੀ ਤੇ ਕਸੂਤੀ ਲਾਗ ਕੁਲਾਗ ਤੋਂ ਬਚੇ ਰਹਿਣ ਦਾ ਪਰਹੇਜ਼ (ਪੱਥ) ਰਖਣਾ ਹੈ । ਜਿਨ੍ਹਾਂ ਅਭਾਗੇ ਪ੍ਰਾਣੀਆਂ ਦਾ ਮੁਢ-ਕਦੀਮਾਂ ਤੋਂ ਹੀ ਸਤਿਸੰਗ ਵਿਚ ਨਿਵਾਸ ਨਹੀਂ ਹੁੰਦਾ ਅਤੇ ਬਚਪਨ ਤੋਂ ਹੀ ਜਿਨ੍ਹਾਂ ਦਾ ਭੈੜੇ ਕੁਸੰਗ ਨਾਲ ਕੁਵੇੜਾ ਵਾਹ ਪਿਆ ਰਹਿੰਦਾ ਹੈ, ਉਹ ਉਕਤ ਕ੍ਰਾਨਿਕ ਰੋਗਾਂ ਨਾਲ ਗ੍ਰਸੇ ਜਾਣ ਕਰਕੇ ਸਦਾ ਲਈ ਪੀੜਤ ਰਹਿਣ ਕਰਿ ਅਕਸਰ ਕੂਕ ਪੁਕਾਰ ਕਰਿਆ ਕਰਦੇ ਹਨ । ਇਸ ਕਰਕੇ ਗੁਰੂ ਕਾ ਹੁਕਮ ਹੈ ਕਿ :

ਸਚੀ ਬੈਸਕ ਤਿਨ੍ਹਾ ਸੰਗਿ ਜਿਨ੍ ਸੰਗਿ ਜਪੀਐ ਨਾਉ ॥
ਤਿਨ੍ ਸੰਗਿ ਸੰਗੁ ਨ ਕੀਚਈ ਨਾਨਕ ਜਿਨਾ ਆਪਣਾ ਸੁਆਉ ॥੨॥੧੦॥

—ਗੂਜਰੀ ਵਾਰ ਮ: ੫, ਮ: ੫, ਪੰਨਾ ੫੨੦

ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ ਜਿਨਾ ਮਾਇਆ ਮੋਹਿ ਪਿਆਰੁ ॥੧॥੨॥

ਬਿਹਾਗੜੇ ਕੀ ਵਾਰ, ਸਲੋਕ ਮ: ੩, ਪੰਨਾ ੫੪੯

ਅਤੇ ਮਨਮੁਖ ਦਾ ਕਰਤੂਤੀ ਲੱਛਣ ਹੋਰ ਕੀ ਹੈ :

ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਬੀਚਾਰ ॥੩॥੭॥

ਬਿਲਾਵਲ ਕੀ ਵਾਰ, ਮ: ੩, ਪੰਨਾ ੮੫੨

ਅਜਿਹੇ ਮਨਮੁਖਾਂ ਸਾਕਤਾਂ ਅਧਰਮੀਆਂ ਬੇਦੀਨਾਂ ਦੇ ਨਾਲ ਦੋਸਤੀ ਰਖਣ ਤੋਂ ਜੋ ਗੁਰਸਿਖ ਨੂੰ ਗੁਰਮਤਿ ਬਿਬੇਕ ਸੰਦੇ ਗੁਰ ਹੁਕਮਾਂ ਦੁਆਰਾ ਹੋੜਿਆ ਗਿਆ ਹੈ, ਇਸ ਦਾ ਭਾਵ ਏਹੀ ਹੈ ਕਿ ਓਹਨਾਂ ਦੇ ਕੁਸੰਗ ਲਛਣ ਦੀ ਲਾਗ (ਕੁਲਾਗ) ਵਾਲਾ ਲੇਸ (ਕੁਲੇਸ਼) ਨ ਲਗਣਾ ਪਾਵੇ । ਇਸ ਲੇਸ ਲਾਗ ਤੋਂ ਆਪਣਾ ਆਪ ਬਚਾਵਣ ਲਈ (ਬੇਲਾਗ ਰਖਣ ਲਈ) ਕਿਸੇ ਆਨਮਤੀ ਦੇ ਸੰਗ ਕੁਸੰਗ ਤੋਂ ਬਰਜੇ ਰਹਿਣਾ ਉਸਦੇ ਨਾਲ ਨਫ਼ਰਤ ਕਰਨ ਨਮਿਤ ਨਹੀਂ, ਕਿੰਤੂ ਆਪਾ ਪ੍ਰਬੋਧਣ ਨਮਿਤ ਹੈ, ਅਤੇ ਐਸਾ ਕਰਨਾ ਗੁਰਬਚਨਾਂ ਰੂਪੀ ਹੁਕਮਾਂ ਦੀ ਤਾਮੀਲ ਕਰਨਾ ਹੈ, ਜੋ ਕਿ ਹਰ ਇਕ ਸਚਿਆਰ ਸਿਖ ਦਾ ਫਰਜ਼ ਹੈ । ਜਦ ਕਿ ਆਨਮਤੀਆਂ ਦੇ ਨਾਲ ਸੰਗ ਕੁਸੰਗ-ਮਈ ਦੋਸਤੀ ਦਾ ਰਖਣਾ ਹੀ ਗੁਰਮਤਿ ਬਿਬੇਕ ਅਸੂਲਾਂ ਦੇ ਪ੍ਰਤਿਕੂਲ ਹੈ ਤਦ ਓਹਨਾਂ ਦੇ ਨਾਲ ਖਾਨ ਪਾਨ ਦਾ ਵਰਤੋਂ ਵਿਹਾਰ ਰਖਣਾ ਕਦ ਗੁਰਮਤਿ ਅਨਕੂਲ ਹੋ ਸਕਦਾ ਹੈ । ਏਸ ਕਰਕੇ 'ਵੇਦੀਨਾ ਕੀ ਦੋਸਤੀ' ਦੇ ਨਾਲ ਲਗਦਾ ਹੀ 'ਵੇਦੀਨਾ ਕਾ ਖਾਣੁ' ਭੀ ਗੁਰਮਤਿ ਬਿਬਰਜਤ ਕਰਮ ਗਰਦਾਨਿਆ ਗਿਆ, ਕਿਉਂਕਿ ਉਕਤ ਦੋਹਾਂ ਬਿਬਰਜਤ ਕਰਮਾਂ ਦੇ ਕਰਨ ਕਰਿ : "ਸਿਫਤੀ ਸਾਰ ਨਾ ਜਾਣਨੀ ਸਦਾ ਵਸੈ ਸੈਤਾਨੁ"* ਵਾਲਾ ਕਲੰਕ ਲਗਦਾ ਹੈ । ਕਈ ਬਿਬੇਕ-ਹੀਣ ਸ਼੍ਰੇਣੀ ਦੇ ਚਗਲ ਪੰਥੀ ਯਾ ਚਗਲ ਪੰਥੀਆਂ ਦਾ ਪਖ ਪੂਰਨ ਵਾਲੇ ਖਰੜ ਗਿਆਨੀ ਇਹ ਹੁੱਜਤ ਭੇੜਿਆ ਕਰਦੇ ਹਨ ਕਿ 'ਵੇਦੀਨਾ ਕਾ ਖਾਣੁ' ਦੀ ਪੰਗਤੀ ਤੋਂ ਭਾਵ ਬੇਦੀਨਾ ਦਾ ਜੂਠਾ, ਬੇਦੀਨਾਂ ਦੇ ਨਾਲ ਇਕ ਥਾਲੀ ਵਿਚ ਇਕੱਠੇ ਬਹਿ ਕੇ ਖਾਣ ਤੋਂ ਹੈ, ਨਾ ਕਿ ਉਹਨਾਂ ਦੇ ਹਥੋਂ ਲੈ ਕੇ ਖਾਣ ਤੋਂ ? ਅਰਥਾਤ ਉਹ ਕਹਿੰਦੇ ਹਨ, ਮੰਨ ਲਿਆ ਕਿ ਇਕ ਥਾਲੀ ਵਿਚ ਬਹਿ ਕੇ ਬੇਦੀਨਾਂ ਦੇ ਨਾਲ ਇਕੱਠਾ ਖਾਣਾ ਗੁਰੂ ਖਾਲਸਾ ਲਈ ਬਿਬਰਜਤ ਹੈ, ਪ੍ਰੰਤੂ ਬੇਦੀਨਾਂ ਦੇ ਹਥੋਂ ਲੈ ਕੇ ਖਾਣਾ ਅਥਵਾ ਬੇਦੀਨਾਂ ਦਾ ਬਣਾਇਆ ਹੋਇਆ ਖਾਣਾ ਖਾਣ ਵਿਚ ਕੋਈ ਹਰਜ ਨਹੀਂ । ਇਸ ਹੁੱਜਤ ਦਾ ਉਤਰ ਇਹ ਹੈ ਕਿ ਸਾਨੂੰ ਕੀ ਸਬੂਤ ਹੈ ਕਿ ਬੇਦੀਨਾਂ ਦਾ ਬਣਾਇਆ ਹੋਇਆ ਖਾਣਾ ਉਸ ਜੂਠ, ਅਸੁਚ ਅਤੇ ਅਪਵਿਤ੍ਰਤਾ ਤੋਂ ਰਹਿਤ ਹੈ ਜਿਸਦੇ ਕਾਰਨ ਕਿ ਆਪ ਨੇ ਉਹਨਾਂ ਦੇ ਨਾਲ ਇਕ ਥਾਲੀ ਵਿਚ ਬਹਿ ਕੇ ਇਕੱਠਾ ਨਾ ਖਾਣ ਦੀ ਸੰਕੋਚ ਨੂੰ ਮੰਨਿਆ ਹੈ । ਭਾਵ, ਬੇਦੀਨਾਂ ਦੇ ਨਾਲ ਇਕੱਠਾ ਇਕ ਥਾਲੀ ਵਿਚ ਬਹਿ ਕੇ ਖਾਣਾ ਇਸ ਵਾਸਤੇ ਹੀ ਬਿਬਰਜਤ ਮੰਨਿਆ ਗਿਆ ਹੈ ਨਾ, ਕਿ ਬੇਦੀਨਾਂ ਦੀ ਜੂਠ ਖਾਣੀ ਪੈਂਦੀ ਹੈ ਅਤੇ ਸੁਚ

* ਵਾਰ ਸੂਹੀ, ਸਲੋਕ ਮਃ ੧, (ਪਉੜੀ ੧੪) ਪੰਨਾ ੭੯੦


www.AKJ.org

ਪਵਿਤ੍ਰਤਾ ਤੋਂ ਰਹਿਤ ਬੇਦੀਨਾਂ ਦਾ ਖਾਣਾ ਖਾਣਾ ਨਹੀਂ ਚਾਹੀਦਾ। ਸੋ ਜੂਠ ਅਸੁਚ ਅਪਵਿਤ੍ਰਤਾ ਦੇ ਸਵਾਲ
ਮੰਨ ਕੇ ਤਾਂ ਬੇਦੀਨਾਂ ਦੇ ਹੱਥੋਂ ਯਾ ਉਹਨਾਂ ਦੇ ਹੱਥਾਂ ਦਾ ਤਿਆਰ ਕੀਤਾ ਹੋਇਆ ਖਾਣਾ ਖਾਣਾ ਭੀ ਬਿਬਰਜਤ ਹੈ
ਕਿਉਂਕਿ ਪ੍ਰਿਥਮ ਤਾਂ ਖਾਲਸਾ ਧਰਮ ਦੇ ਧਾਰਨੀਆਂ ਅਰਥਾਤ ਖਾਲਸਾ ਪੰਥ ਤੋਂ ਛੁਟ ਸੰਸਾਰ ਭਰ ਵਿਚ ਜਿਤਨੇ ਭ
ਆਨਮਤੀ (ਬੇਦੀਨ) ਹਨ, ਸਭ ਦੇ ਸਭ ਬਿਖਿਆ-ਪਾਨੀ ਹਨ, ਅਤੇ ਬਿਖਿਆ (ਤਮਾਕੂ) ਨੂੰ ਸ੍ਰੀ ਦਸਮੇਸ਼ ਜੀ ਨੇ
ਜਗਤ-ਜੂਠ ਦਸਿਆ ਹੈ, ਜਿਹਾ ਕਿ ਹਿਤ ਉਪਦੇਸ਼ ਖਾਲਸੇ ਪ੍ਰਤੀ ਰਹਿਤ-ਨਾਮੇ ਵਿਚ ਲਿਖਿਆ ਹੈ :

ਮਰਨੀ ਮਰਉ ਤਉ ਅਤਿ ਭਲਾ ਜਗਤ ਜੂਠ ਨਹਿ ਸੰਗੁ ॥

ਤਾਂ ਤੇ ਜਗਤ ਜੂਠ ਦੇ ਭਖਣਹਾਰਿਆਂ ਬੇਦੀਨ ਆਨਮਤੀਆਂ ਦਾ ਤਿਆਰ ਕੀਤਾ ਹੋਇਆ ਖਾਣਾ ਖਾਣ
ਅਥਵਾ ਉਹਨਾਂ ਦੇ ਹੱਥੋਂ ਲੈ ਕੇ ਖਾਣਾ ਖਾਣਾ ਸਾਫ਼ ਜੂਠ ਖਾਣਾ ਹੈ। ਰਹਿਤਨਾਮੇ ਅੰਦਰ ਇਹ ਭੀ ਬਚਨ ਹੈ :

ਤਨਕ ਤਮਾਕੂ ਸੇਵੀਐ ਦੇਵ ਪਿਤ੍ਰ ਤਜਿ ਜਾਇ ॥
ਪਾਨੀ ਤਿਸ ਕੇ ਹਾਥ ਕਾ ਮਦਰਾ ਸਮ ਹੋਇ ਜਾਇ ॥

ਭਾਵ, ਜੋ ਹਿੰਦੂ ਤਨਕ ਮਾਤ੍ਰ ਭੀ ਤਮਾਕੂ ਦਾ ਸੇਵਨ ਕਰਦੇ ਹਨ, ਉਹਨਾਂ ਦੇ ਮਨ-ਮੰਨੇ ਦੇਵਤੇ ਅਤੇ
ਪਰਲੋਕ ਗਵਨੇ (ਗਮਨੇ) ਹੋਏ ਪਿਤਰ ਉਹਨਾਂ ਨੂੰ ਭ੍ਰਿਸ਼ਟ-ਕਰਮੀ ਦੇਖ ਕੇ ਤਜ ਜਾਂਦੇ ਹਨ ਅਤੇ ਅਜਿਹੇ ਭ੍ਰਿਸ਼ਟ ਕ੍ਰਿਆ
ਵਾਲੇ ਪੁਰਸ਼ਾਂ ਦੇ ਹੱਥਾਂ ਦਾ ਪਾਣੀ ਮਦਰਾ ਦੇ ਤੁਲ ਮੰਦ ਹੋ ਜਾਂਦਾ ਹੈ। ਜੈਸੀ ਮਦਰਾ ਪੀ ਲੀਤੀ ਤੈਸੇ ਤਿਨ੍ਹਾਂ ਦੇ ਹੱਥ
ਦਾ ਪਾਣੀ ਪੀ ਲਿਆ। ਜਦ ਬਿਖਿਆ-ਪਾਨੀ ਦੇ ਹੱਥ ਦਾ ਪਾਣੀ ਪੀਣਾ ਹੀ ਮਦਰਾ ਪਾਨ ਕਰਨ ਦੇ ਤੁਲ ਹੈ, ਤਦ
ਉਸ ਦੀ ਭ੍ਰਿਸ਼ਟ ਕ੍ਰਿਆ ਦਾ ਖਲ ਚਗਲ ਕੀਤਾ ਹੋਇਆ ਖਾਣਾ ਖਾਣਾ ਮਦਰਾ ਪਾਨ ਤੋਂ ਭੀ ਟਪ ਕੇ ਬਿਖਿਅ-ਪਾਨੀ
ਹੋਣ ਦੇ ਤੁੱਲ ਹੈ ਅਤੇ ਨਿਰੀ ਜੂਠ ਹੀ ਜੂਠ ਖਾਣ ਵਾਲੀ ਗੱਲ ਹੈ। ਜੇ ਕਹੋ ਕਿ ਕਈ ਅਨਮਤੀ ਭੀ ਬਿਖਿਆ-ਪਾਨੀ
ਨਹੀਂ ਹੁੰਦੇ, ਇਸ ਦਾ ਉਤਰ ਇਹ ਹੈ ਕਿ ਭਾਵੇਂ ਕਿਤੇ ਕਿਤੇ ਹਜ਼ਾਰਾਂ ਵਿਚੋਂ ਇਕ ਅਜਿਹੀ ਕੋਈ ਟਾਵੀਂ ਟਾਵੀ
ਮਿਸਾਲ ਮਿਲ ਭੀ ਜਾਵੇ ਕਿ ਕੋਈ ਅਨਮਤੀ ਬਿਖ-ਪਾਨੀ ਨ ਹੋਵੇ, ਪ੍ਰੰਤੂ ਅਸੀਂ ਤਾਂ ਉਸ ਦੇ ਮਤ ਦਾ ਅਸੂਲ ਦੇਖਣਾ
ਹੈ ਕਿ ਉਸ ਦੇ ਅਸੂਲ ਅੰਦਰ, ਉਸ ਦੇ ਮਤ ਮਜ਼ਹਬ ਅੰਦਰ ਬਿਖਪਾਨੀ ਹੋਣਾ ਬਿਬਰਜਤ ਹੈ ਕਿ ਨਹੀਂ। ਜਦ
ਅਸੀਂ ਸਾਫ਼ ਦੇਖਦੇ ਹਾਂ ਕਿ ਸਮੂਚੇ ਆਨ ਮਤ-ਮਤਾਂਤਰਾਂ ਅੰਦਰਿ ਬਿਖਿਆ ਦੀ ਖੁਲ੍ਹ ਖੇਡ ਹੈ ਤਦ ਸਾਫ਼ ਸਿਧ ਹੈ ਕਿ
ਅਸੂਲਨ ਕਿਸੇ ਭੀ ਮਤ ਅੰਦਰਿ ਬਿਖਿਆ ਦਾ ਭਖਣ ਬਿਬਰਜਤ ਨਹੀਂ। ਅਤੇ ਜਿਸ ਮਤ ਅੰਦਰਿ ਬਿਖਿਆ ਦੀ
ਬੰਦਸ਼ ਹੀ ਕੋਈ ਨਹੀਂ ਤਾਂ ਉਸ ਮਤ ਵਾਲੇ ਕਿਸੇ ਆਨਮਤੀ ਦਾ ਵਿਸਾਹ ਹੀ ਕੀ ਹੈ ਕਿਬਿਖਿਆ ਵਰਤਣ ਤੋਂ
ਬਰਜਿਆ ਰਹੇ। ਜੇ ਬਿਖਿਆ ਨਹੀਂ ਵਰਤੀ ਤਾਂ ਬਿਖਿਆ ਨਾਲ ਹੱਥ ਲਾ ਕੇ ਤਾਂ ਭ੍ਰਿਸ਼ਟ ਹੋਊ। ਅਤੇ ਖਾਲਸਾ ਜੀ ਦੇ
ਲਈ ਹੱਥ ਲਾਉਣਾ ਤਾਂ ਕੀ, ਬਿਖਿਆ ਦਾ ਧੂੰਆਂ ਲੈਣਾ ਭੀ ਬਿਬਰਜਤ ਹੈ।

**ਖਾਲਸਾ ਧਰਮ ਵਿਚ ਸੁਚਮ :**

ਜਿਨ੍ਹਾਂ ਬੇਦੀਨ ਆਨਮਤੀਆਂ ਨੂੰ ਨਾ ਬਿਖਿਆ ਦੇ ਖਾਣ ਦੀ ਆਣ ਹੈ, ਨਾ ਬਿਖਿਆ ਨੂੰ ਹੱਥ ਲਾਉਣ
ਦੀ ਸਹੁੰ ਸੂਗ ਹੈ, ਉਨ੍ਹਾਂ ਉਤੇ ਪਰਤੀਤ ਵਿਸਾਹ ਹੀ ਕੀ ਹੋ ਸਕਦਾ ਹੈ ਕਿ ਬਿਖਿਆ ਨ ਵਰਤਦੇ ਹੋਣ। ਦੂਜੇ ਸੁਚ
ਪਵਿਤ੍ਰਤਾ ਦਾ ਅਸੂਲ ਜੈਸੇ ਗੁਰੂ ਖਾਲਸਾ ਪੰਥ ਅੰਦਰਿ ਹੈ ਤੈਸਾ ਹੋਰ ਕਿਸੇ ਭੀ ਮਤ-ਮਤਾਂਤਰ ਅੰਦਰਿ ਨਹੀਂ ਪਾਇਆ
ਜਾਂਦਾ। ਯਥਾ ਗੁਰਵਾਕ :

ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ ਸਚੁ ਪਾਈਐ ॥੨॥੧੯॥

—ਆਸਾ ਕੀ ਵਾਰ, ਮ: ੧, ਪੰਨਾ ੪੭੨

ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ ॥
ਕਹੁ ਨਾਨਕ ਜਿਨਿ ਮਨਹੁ ਪਛਾਨਿਆ ਤਿਨ ਕਉ ਸਗਲੀ ਸੋਝ ਪਈ ॥੨॥੪॥੯੦॥

ਬਿਲਾਵਲੁ ਮ: ੫, ਪੰਨਾ ੮੨੨

ਆਦਿਕ ਗੁਰਵਾਕਾਂ ਦੇ ਭਾਵ ਅਨੁਸਾਰ 'ਸੁਚ' (ਪਵਿਤ੍ਰਤਾ) ਖਾਲਸਾ ਧਰਮ ਧਾਰਨੀ ਗੁਰਸਿਖ ਦੇ ਧਰਮ ਅੰਗਾਂ



www.AKJ.Org

ਵਰੋਂ ਇਕ ਉਤਮ ਅੰਗ ਹੈ, ਜਿਸਦਾ ਪਾਲਣਾ ਹਰ ਏਕ ਸੁਚਿਆਰ ਸਿੰਘ ਬਿਬੇਕੀ ਲਈ ਐਸਾ ਹੀ ਜ਼ਰੂਰੀ ਹੈ ਜੈਸਾ ਦੂਤੀ ਧਰਮ ਅੰਗਾਂ ਸਤ, ਸੰਤੋਖ, ਦਇਆ, ਧਰਮ ਆਦਿਕ ਦਾ ਪਾਲਣਾ ਜ਼ਰੂਰੀ ਹੈ। ਪਹਿਲੇ ਗੁਰ ਪ੍ਰਮਾਣ ਅੰਦਰਿ ਤਾਂ ਸੁਚਿ (ਪਵਿਤ੍ਰਤਾ) ਨੂੰ ਐਥੋਂ ਤੀਕ ਦਰਜਾ ਦਿਤਾ ਗਿਆ ਹੈ ਕਿ ਸੱਚ-ਸਚਾਈ ਦੇ ਪੁੰਜ, ਭਾਵ, ਮੁਜੱਸਮ ਸਚੁ ਅਕਾਲ ਪੁਰਖੁ ਨੂੰ ਧਿਆਵਨ ਅਤੇ ਪਾਵਨ ਲਈ ਪ੍ਰੀਤਮ-ਪ੍ਰਾਪਤੀ ਦੇ ਪ੍ਰੇਮ-ਪਾਂਧੀ ਗੁਰ ਦਰਸਾਈ ਗੁਰਚਾਲੀ ਚਲਣਹਾਰੇ ਗੁਰਸਿਖ ਮੀਤ ਨੂੰ ਸਭ ਤੋਂ ਵਧ ਕੇ ਸੁਚਿ (ਸੁਚਮਤਾਈ) ਦਾ ਧਾਰਨੀ ਹੋਣਾ ਅਵੱਸ਼ ਜ਼ਰੂਰੀ ਹੈ ਅਤੇ ਦੂਜੇ ਗੁਰ ਪ੍ਰਮਾਣ ਅੰਦਰਿ ਜਿਸ ਸਿਖਸ਼ਾ ਰੂਪੀ ਮੰਤ੍ਰ ਦਾ ਵਰਨਣ ਹੈ ਉਸ ਸਿਖਸ਼ਾ ਮੰਤ੍ਰ ਦਾ ਇਕ ਜਰੂਰੀ ਅੰਗੁ 'ਸੁਚਿ' (ਸੁਚਮਤਾਈ) ਹੈ ਅਤੇ ਇਸ ਸਿਖਸ਼ਾ ਮੰਤ੍ਰ ਨੂੰ ਸਰਬ ਅੰਗਾਂ ਸਮੇਤ ਜਿਸ ਸਿਖ ਜਗਿਆਸੂ ਨੇ ਰਿਦਿਓਂ ਲਾ ਕੇ ਭਾਵ, ਮਨ ਬਚ ਕ੍ਰਮ ਕਰਕੇ ਪਛਾਣਿਆ ਹੈ, ਉਸ ਨੂੰ ਸਗਲੀ ਸੂਝ ਪ੍ਰਾਪਤ ਹੋਈ ਹੈ।

ਤਾਂ ਤੇ ਸੁਚਮਤਾਈ (ਸੁਚਿ) ਦਾ ਅਸੂਲ ਇਸ 'ਸਗਲੀ ਸੂਝ' ਦੀ ਪ੍ਰਾਪਤੀ ਦਾ ਸਹਾਇਕ ਹੈ। ਤਾਹੀਂ ਤੇ ਇਸ ਸੁਚਮਤਾਈ (ਸੁਚ ਪਵਿਤ੍ਰਤਾ) ਦੇ ਧਾਰਨੀ ਸਿੰਘ ਸੱਜਨ ਦਾ ਸੁਚਮਤਾਈ ਸਹਿਤ ਸਜਾਇਆ ਹੋਇਆ ਅਥਵਾ ਉਸਦੇ ਸੁਚਮ ਹੱਥਾਂ ਦਾ ਵਰਤਾਇਆ ਹੋਇਆ ਪ੍ਰਸ਼ਾਦ ਭੋਜਨ ਛਕਣਾ ਗੂੜ੍ਹ ਗੁਰਮਤਿ ਗੁਣਾਂ ਦੇ ਲਖਾਇਕ ਆਤਮ ਫਲਾਂ ਦਾ ਪ੍ਰਾਪਤ ਕਰਾਵਨਹਾਰਾ ਹੈ। ਜੋ ਭੀ ਗੁਰੂ ਕਾ ਤਿਆਰ ਬਰਤਿਆਰ ਸਿੰਘ ਹੈ ਸੋਚ ਇਸ਼ਨਾਨ ਦਾ ਨੇਮੀ ਪ੍ਰੇਮੀ ਹੋਣ ਕਰਕੇ ਸੁਚਮਤਾਈ ਸਰੀਰਕ ਸਫਾਈ ਦਾ ਖਾਲਸ ਨਮੂਨਾ ਹੈ। ਸੁਚਮਤਾਈ-ਹੀਨ ਮਲੀਨ ਕ੍ਰਿਆ ਦੀ ਨਾਪਾਕੀ (ਅਸੁਧਤਾਈ) ਦਾ ਨਮੂਦ ਮਾਤਰ ਭੀ ਸੁਚਿਆਰ ਬਿਬੇਕੀ ਸਿੰਘ ਦੇ ਖਾਨ ਪਾਨ ਦੇ ਸਾਮਾਨ ਸਰੰਜਾਮ ਅੰਦਰ ਨਹੀਂ ਪਾਇਆ ਜਾਂਦਾ। ਅਤੇ ਜੋ ਕੁਛ ਭੀ ਖਾਨ ਪਾਨ ਦੇ ਪਦਾਰਥ ਗੁਰੂ ਕੇ ਸਿੰਘ ਸਜਾਉਂਦੇ ਹਨ, ਉਸ ਵਿਚ ਓਨ੍ਹਾਂ ਦੀ ਅਹੰਮੇਵ ਅਤੇ ਮੇਰ ਤੇਰ ਦੀ ਰਾਈ ਨਹੀਂ ਹੁੰਦੀ। ਗੁਰੂ ਨਮਿਤ ਗੱਫੇ ਸਜਾਉਂਦੇ ਹਨ ਅਤੇ ਗੱਫੇ ਸਜਾਉਂਦੇ ਹੋਏ ਗੁਰੂ ਗੁਰੂ ਉਚਾਰਨ ਕਰਦਿਆਂ ਸੁਆਸ ਸੁਆਸ ਗੁਰੂ ਨੂੰ ਧਿਆਉਂਦੇ ਗੁਰਮੰਤ੍ਰ ਦੇ ਅਭਿਆਸ ਨੂੰ ਖਿਨ ਖਿਨ ਕਮਾਉਂਦੇ ਰਹਿੰਦੇ ਹਨ। ਅਤੇ ਇਸ ਬਿਧਿ ਪੂਰਨ ਪ੍ਰੇਮ ਭਾਵਨਾ ਦੀ ਘਾਲਨਾ ਸਹਿਤ ਸਜਾਏ ਭੋਜਨ ਪਰਸ਼ਾਦ ਨੂੰ :

> ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥
> ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥੨੦੩॥
>
> ਸਲੋਕ ਕਬੀਰ ਜੀ, ਪੰਨਾ ੧੩੭੫

ਦੇ ਭਾਵ ਅਨੁਸਾਰ ਗੁਰੂ ਅਰਪਨ ਕਰ ਕੇ ਗੁਰੂ ਨੂੰ ਭੋਗ ਲੁਆਉਂਦੇ ਹਨ। ਅਤੇ :

> ਤੂੰ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ ॥੨੫॥ ਸੋਰਠਿ ਵਾਰ ਮ: ੪, ਪੰਨਾ ੬੫੨

ਦੇ ਗੁਰਵਾਕ ਅਨੁਸਾਰ ਦੇਵਣਹਾਰ ਦਾਤਾਰ ਗੁਰੂ ਦਾ ਦਿਤਾ ਗਫਾ ਸਮਝ ਕੇ ਛਕਾਉਂਦੇ ਭੁੰਚਾਉਂਦੇ ਅਤੇ ਆਪਣੇ ਮੂੰਹ ਪਾਉਂਦੇ ਤੇ ਆਪਣੀ ਰਸਨੀ ਲਾਉਂਦੇ ਹਨ। ਤਾਂ ਹੀ ਤੇ ਗੁਰੂ ਕੇ ਸਿੰਘਾਂ ਦਾ ਸਜਾਇਆ ਹੋਇਆ ਭੋਜਨ ਪ੍ਰਸ਼ਾਦ, ਗੁਰੂ ਕੇ ਸਿੰਘਾਂ ਦੇ ਪਵਿਤਰ ਘਾਲ ਵਾਲੇ ਹੱਥਾਂ ਦਾ ਵਰਤਾਇਆ ਹੋਇਆ ਭੋਜਨ ਪ੍ਰਸ਼ਾਦ ਅਤੇ ਗੁਰੂ ਕੇ ਸਿੰਘਾਂ ਦਾ ਪ੍ਰੇਮ ਭਾਵਨਾ ਸਹਿਤ ਛਕਾਇਆ ਭੁੰਚਾਇਆ ਹੋਇਆ ਭੋਜਨ ਪ੍ਰਸ਼ਾਦ, ਸਚ ਮੁਚ ਗੁਰ ਪ੍ਰਸ਼ਾਦ ਯਾ ਪਰਮ ਪਵਿਤਰ ਅੰਮ੍ਰਿਤ ਪ੍ਰਸ਼ਾਦ ਹੈ, ਜਿਸ ਨੂੰ ਭੁੰਚਣਹਾਰਿਆਂ (ਛਕਣ-ਹਾਰਿਆਂ) ਦੇ ਅੰਦਰ ਭੁੰਚਣ ਸਾਰ ਹੀ ਸੱਚੀ ਸੁਚਮਤਾ ਧਾ ਜਾਂਦੀ। ਹੈ ਅਤੇ ਅੰਮ੍ਰਿਤ ਦੇ ਸੁਆਦਾਂ ਅਜਰਾਂ ਵਾਲੀ ਪਵਿਤ੍ਰਤਾ ਪਰਵੇਸ਼ ਕਰ ਜਾਂਦੀ ਹੈ। ਇਸ ਤੋਂ ਉਲਟ ਬਿਕਲ ਕੁਚੀਲ ਰਜ਼ੀਲ ਬਿਖਲੀਪਤ ਅਜਿਹੇ ਆਨਮਤੀ ਹਨ, ਜਿਨ੍ਹਾਂ ਦੇ ਨਿਕਟ ਸੁਚ ਜੂਠ ਦੀ ਕੋਈ ਤਮੀਜ਼ ਨਹੀਂ, ਜੋ ਸੁਚ, ਸੁਚਮਤਾਈ, ਪਵਿਤ੍ਰਤਾਈ, ਪਾਕੀਜ਼ਗੀ ਨੂੰ ਜਾਣਦੇ ਨਹੀਂ ਕਿ ਕਿਸ ਬਲਾ ਦਾ ਨਾਉਂ ਹੈ। ਤਿਨ੍ਹਾਂ ਦੀ ਕ੍ਰਿਆ ਮਲੀਨ ਹੋਣ ਕਰਕੇ ਤਿਨ੍ਹਾਂ ਦਾ ਬਣਾਇਆ ਹੋਇਆ ਭੋਜਨ ਭੀ ਮਲੀਨ ! ਤਿਨ੍ਹਾਂ ਦੇ ਮਲੀਨ ਹੱਥੋਂ ਲੈ ਕੇ ਖਾਧਾ ਭੋਜਨ ਭੀ ਮਲੀਨ ! ਤਿਨ੍ਹਾਂ ਮਲੀਨ-ਅਚਾਰੀਆਂ, ਮਲੀਨ-ਬਿਉਹਾਰੀਆਂ, ਮਲੇਛ-ਹਿਰਦਾਰੀਆਂ (ਮਲੇਛ ਮਨੀਆਂ) ਦਾ ਭੋਜਨ ਖਾਣਾ ਖਾ ਕੇ ਖਾਵਣਹਾਰੇ ਦੇ ਮਨ ਅੰਦਰ ਪੂਰੋ ਪੂਰ ਮਲੀਨਤਾ ਹੀ ਧਾਉਂਦੀ ਹੈ। ਅਤੇ ਉਹਨਾਂ ਦੀ ਜੂਠ ਨੇ, ਜੂਠ ਭਰੇ ਹੱਥਾਂ ਨੇ, ਜੂਠ-ਮਲੀਣੇ ਖਾਣੇ ਨੇ ਜੂਠੋ ਜੂਠ ਹੀ ਵਰਤਾਉਣੀ ਹੈ। ਅਜਿਹੇ ਜੂਠ-ਪੰਥੀਆਂ ਦੇ ਪ੍ਰਥਾਇ ਹੀ ਭਾਈ


www.AKJ.Org

# ਨਾਮ ਦੀ ਪਾਰਸ-ਕਲਾ

ਮੁਖ ਰਸਨਾ ਦੁਆਰਾ ਅੰਮ੍ਰਿਤ ਨਾਮ ਜਪਣ ਕਰਿ ਪਾਰਸ-ਕਲਾ ਵਰਤ ਜਾਂਦੀ ਹੈ। ਇਹ ਪਾਰਸ-ਕਲਾ ਘਟ ਅੰਤਰਿ ਰਸਨਾ ਦੀ ਰਟਨ-ਤਾਰ ਦੁਆਰਾ ਰਸ-ਵਿਗਾਸ ਉਪਜਾਉਂਦੀ ਹੈ। ਜਿਉਂ ਜਿਉਂ ਰਸਨਾ ਕਰਿ ਗੁਰਮਤਿ ਨਾਮ ਰਟੀਦਾ (ਜਪੀਦਾ) ਹੈ, ਤਿਉਂ ਤਿਉਂ ਰਸ-ਜੋਤਿ-ਪ੍ਰਗਾਸ ਦਾ ਖਿੜਾਉ ਵਧੇਰੇ ਤੋਂ ਵਧੇਰੇ ਹੁੰਦਾ ਚਲਿਆ ਜਾਂਦਾ ਹੈ। ਇਸ ਰਸ-ਜੋਤਿ-ਪ੍ਰਕਾਸ ਕਰਿ ਹੀ ਸੁਆਸ-ਅਭਿਆਸੀ-ਨਾਭ-ਪਵਨ ਦਾ ਅਰਧ-ਉਰਧੀ ਖੰਡਾ ਖੜਕਣ ਲਗ ਪੈਂਦਾ ਹੈ। ਨਾਮ ਦਾ ਇਹ ਰਸ-ਵਿਗਾਸ, ਅਨਿਕ ਤ੍ਰੰਗੀ ਨਾਮ ਅਭਿਆਸ ਕਰਨ ਦੀਆਂ ਸਹਿਜ ਜੁਗਤੀਆਂ ਆਪੇ ਹੀ ਸਿਖਾਈ ਜਾਂਦਾ ਹੈ। ਏਥੇ ਆ ਕੇ ਇਕ ਨਿਮਖ ਭਰ ਦਾ ਅਟਕਾਉ ਨਹੀਂ ਹੁੰਦਾ ਅਤੇ ਇਕ ਖਿਨ ਭੀ ਨਾਮ ਅਭਿਆਸ ਬਿਹੂਣ ਬਿਰਥੀ ਨਹੀਂ ਜਾਂਦੀ। ਪ੍ਰੰਤੂ ਤੋਰਾ ਪ੍ਰਿਥਮ ਰਸਨਾ ਦੁਆਰਾ ਨਾਮ ਰਟਨ ਤੋਂ ਹੀ ਤੁਰਦਾ ਹੈ। ਸਭ ਫਲ ਇਸ ਨਾਮ ਰਟਨ ਨੂੰ ਹੀ ਲਗਦੇ ਹਨ। ਰਸਨਾ ਦੁਆਰਾ ਨਾਮ ਜਪਣ ਪ੍ਰਥਾਇ ਗੁਰਬਾਣੀ ਵਿਖੇ ਥਾਉਂ ਥਾਈਂ ਗੁਰ-ਪ੍ਰਮਾਣ ਮਿਲਦੇ ਹਨ। ਹਾਂ ! ਆਮ ਸੰਸਾਰੀਆਂ ਦਾ ਫੋਕਟ ਰਟਨ ਗੁਰਦੀਖਿਆ ਬਿਹੂਣ, ਗੁਰਮਤਿ ਨਾਮ ਗੁਰੂ ਦੁਆਰਾ ਪ੍ਰਾਪਤ ਹੋਏ ਬਿਹੂਣ, ਐਵੇਂ ਬਿਰਥਾ ਹੀ ਜਾਂਦਾ ਹੈ। ਗੁਰਵਾਕ ਹੈ :

ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ ॥
ਅਗਮੁ ਅਗੋਚਰੁ ਅਤਿ ਵਡਾ ਅਤੁਲੁ ਨ ਤੁਲਿਆ ਜਾਇ ॥
ਕੀਮਤਿ ਕਿਨੈ ਨ ਪਾਈਆ ਕਿਤੈ ਨ ਲਇਆ ਜਾਇ ॥
ਗੁਰ ਕੈ ਸਬਦਿ ਭੇਦਿਆ ਇਨ ਬਿਧਿ ਵਸਿਆ ਮਨਿ ਆਇ ..॥੧॥ (੧੮) ਪੰਨਾ ੫੫੫

ਇਸ ਗੁਰ-ਪ੍ਰਮਾਣ ਤੋਂ ਸਾਫ਼ ਸਪੱਸ਼ਟ ਹੈ ਕਿ ਗੁਰੂ ਕੈ ਸ਼ਬਦ ਦੁਆਰਾ ਭੇਦੇ ਜਾਣ ਕਰਿ ਹੀ ਨਾਮ ਮਨ ਵਿਚ ਵਸਦਾ ਹੈ। 'ਗੁਰ ਕੈ ਸ਼ਬਦ' ਤੋਂ ਭਾਵ ਗੁਰਮੰਤ੍ਰ ਗੁਰਮਤਿ ਨਾਮ ਹੈ। "ਭੇਦਿਆ" ਪਦ ਨਿਸਚੇ ਕਰਾਉਂਦਾ ਹੈ ਕਿ ਗੁਰਮਤਿ ਨਾਮ ਗੁਰਮੰਤਰ ਅੰਦਰ ਪਾਰਸ-ਕਲਾ ਹੈ, ਅੰਮ੍ਰਿਤ-ਸ਼ਕਤਿ ਹੈ। ਇਸ ਭਾਵ ਨੂੰ ਅਗਲੇਰੇ ਗੁਰ-ਪ੍ਰਮਾਣ ਦ੍ਰਿੜ੍ਹਾਉਂਦੇ ਹਨ। ਯਥਾ : ਕਾਜਰ ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ ਬਨਿਓ ਰੀ ॥
ਮਹਾ ਮੰਤ੍ਰ ਗੁਰ ਹਿਰਦੈ ਬਸਿਓ ਅਚਰਜ ਨਾਮੁ ਸੁਨਿਓ ਰੀ ॥੩(੧੨॥੫੧) ਪੰਨਾ ੩੮੪

ਪਾਰਸ-ਕਲਾ ਵਰਤੌਉਣ ਹਿਤ ਸਮਰਥ ਹੋਣ ਕਰਿ, ਗੁਰਮਤਿ ਨਾਮ ਗੁਰਮੰਤਰ ਵਿਸਮਾਦ ਰੂਪ ਹੈ। ਗੁਰਮਤਿ ਨਾਮ ਦੀ ਐਸੀ ਅਚਰਜ ਸ਼ਕਤਿ-ਕਲਾ ਹੈ ਕਿ ਇਸ ਦਾ ਅਭਿਆਸੀ, ਇਸ ਮਾਇਆ ਰੂਪ ਸੰਸਾਰ ਰੂਪ ਕੱਜਲ ਕੋਠੜੀ ਵਿਖੇ ਰਹਿੰਦਾ ਹੋਇਆ ਹੀ ਇਸ ਦੀ ਲਿਬੇੜ ਰੂਪ ਕਾਲਸ ਤੋਂ ਅਲੇਪ ਰਹਿੰਦਾ ਹੈ। ਇਸ ਪਾਰਸ-ਪਰਤਾਪੀ ਗੁਰ-ਸ਼ਬਦ ਗੁਰਮੰਤਰ ਬਿਹੂਣ ਪ੍ਰਾਣੀ ਦੂਜੇ ਭਾਇ ਕਰਿ ਮੋਹਿਆ ਮੁਠਿਆ ਜਾਂਦਾ ਹੈ; ਜੈਸਾ ਕਿ ਗੁਰਵਾਕ ਹੈ :

ਧਨ ਏਕਲੜੀ ਜੀਉ ਬਿਨੁ ਨਾਹ ਪਿਆਰੇ ॥
ਦੂਜੈ ਭਾਇ ਮੁਠੀ ਜੀਉ ਬਿਨੁ ਗੁਰ ਸਬਦ ਕਰਾਰੇ...॥੩॥(੪॥੧) ਪੰਨਾ ੨੪੪

[ਭਾ: ਰਣਧੀਰ ਸਿੰਘ ਜੀ ਲਿਖਤ 'ਗੁਰਮਤਿ ਰਮਜ਼ਾਂ' ਚੋਂ

---

ਗੁਰਦਾਸ ਜੀ ਨੇ ਉਚਾਰਿਆ ਹੈ ਕਿ :

ਜੈਨੀ ਜੂਠ ਨ ਉਤਰੈ ਜੂਠੇ ਪਰਸਾਦੇ ॥ ਵਾਰ ੩੮, ਪਉੜੀ ੧੦

ਜਿਸ ਤੋਂ ਸਾਫ ਸਿਧ ਹੁੰਦਾ ਹੈ ਕਿ ਜੂਠਾ ਯਾ ਜੂਠ ਦਾ ਖਾਣਾ ਖਾਣ ਦੀ ਖਚ ਵਿਗੜ ਵਾਦੀ ਵਾਲੀ ਖਲਜਗਣ ਵਿਚ ਜੋ ਪੈ ਗਏ ਹਨ ਓਹਨਾਂ ਦੀ ਜੂਠ, ਓਹਨਾਂ ਦੇ ਅੰਦਰ ਘਰ ਕਰ ਗਈ ਹੋਈ ਜੂਠ ਕਦੇ ਉਤਰਦੀ ਨਹੀਂ। ਓਹ ਸਰਾ-ਪਾ (ਸਿਰ ਤੋਂ ਪੈਰਾਂ ਤਾਈਂ) ਮੁਜੱਸਮ ਜੂਠ ਹੀ ਹੋ ਜਾਂਦੇ ਹਨ। ਤਿਨ੍ਹਾਂ ਜੂਠ-ਪੁੰਜਾਂ ਦੇ ਹੱਥੋਂ ਖਾਣਾ ਜੂਠ ਕ੍ਰਿਆ ਦਾ ਭਾਗੀ ਹੋਣਾ ਹੈ। ['ਗੁਰਮਤਿ ਬਿਬੇਕ' ਪੁਸਤਕ ਵਿਚੋਂ



www.AKJ.Org

# ਭਾਈ ਰਣਧੀਰ ਸਿੰਘ ਜੀ ਨਾਰੰਗਵਾਲ

[ਪ੍ਰਿੰ: ਨਾਹਰ ਸਿੰਘ ਜੀ (ਗਰੇਵਾਲ), ਸਿਵਲ ਲਾਈਨ, ਲੁਧਿਆਣਾ]

**੧. ਗੁਰਬਾਣੀ ਤੋਂ ਸੇਧ–**

ਭਾਗਠੜੇ ਹਰਿ ਸੰਤ ਤੁਮ੍ਾਰੇ ਜਿਨ੍ ਘਰਿ ਧਨੁ ਹਰਿ ਨਾਮਾ ॥
ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ ॥ ੧ ॥
ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ ॥
ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ-ਧੂੜਿ ਮੁਖਿ ਲਾਈ ॥ ੧ ॥ ਰਹਾਉ ॥
(ਸੂਹੀ ਮਹਲਾ ੫, ਪੰਨਾ ੭੪੮-੪੯)

ਆਦਿ ਤੋਂ ਅੱਜ ਤੱਕ ਅਨੇਕਾਂ ਹੀ ਜੀਵ ਪ੍ਰਭੂ ਦੀ ਇਸ ਸ੍ਰਿਸ਼ਟੀ ਅੰਦਰ ਜਨਮੇ, ਆਪਣੀ ਆਪਣੀ ਸੰਸਾਰੀ ਯਾਤਰਾ ਭੁਗਤਾ ਕੇ ਚਲਦੇ ਬਣੇ । ਪਰ ਉਹ ਪੁਰਸ਼ ਸਦਾ ਜੀਵਤ ਹਨ ਜਿਨ੍ਹਾਂ ਨੇ ਆਪਣੇ ਜੀਵਨ-ਪੰਧ ਵਿਚ ਨਿਤਾਪ੍ਰਤੀ ਦੇ ਕੰਮਾਂ ਕਾਜਾਂ, ਕਾਰਾਂ ਵਿਹਾਰਾਂ, ਬਚਨਾਂ ਵਿਚਾਰਾਂ, ਸੋਚਾਂ ਸੋਝੀਆਂ ਅਤੇ ਸੁਫਨਿਆਂ, ਫੁਰਨਿਆਂ, ਇਰਾਦਿਆਂ, ਅਮਲਾਂ ਦੀ ਪੂਰਤੀ ਲਈ ਪਾਵਨ ਬਾਣੀ ਤੋਂ ਸੁਚੱਜੀ ਸੇਧ ਲੈ ਕੇ ਜੀਵਨ ਸਫਲ ਕੀਤਾ । ਉਹਨਾਂ ਦੀਆਂ ਕਮਾਈਆਂ, ਕਾਰਨਾਮਿਆਂ, ਪਾਏ ਪੂਰਨਿਆਂ, ਉਪਦੇਸ਼ਾਂ ਤੇ ਪ੍ਰਾਪਤੀਆਂ ਆਉਂਦੇ ਸਮੇਂ ਅੰਦਰ ਪ੍ਰਾਣੀ-ਮਾਤਰ ਲਈ ਯੋਗ ਅਗਵਾਈ ਅਤੇ ਚਾਨਣ-ਮੁਨਾਰੇ ਦਾ ਸ਼ੁਭ ਕਾਰਜ ਸਾਰਦੀਆਂ ਹਨ ਤੇ ਇਸ ਤਰ੍ਹਾਂ ਕਲਜੁਗੀ ਜੀਵਾਂ ਲਈ ਮੁਕਤੀ ਤੇ ਪ੍ਰਭੂ ਮਿਲਾਪ ਦਾ ਸੋਮਾ ਵਗਦਾ ਰਹਿੰਦਾ ਹੈ । ਸੰਸਾਰ ਅੰਦਰ ਖੇੜਾ ਆਉਂਦਾ ਹੈ, ਤੇ ਕੂੜ ਕੁਸੱਤ ਦਾ ਨਾਸ ਹੁੰਦਾ ਹੈ । ਅਜਿਹੇ ਹੀ ਇਕ ਵਿਅਕਤੀ, ਭਾਈ ਰਣਧੀਰ ਸਿੰਘ ਜੀ, ਇਸ ਪੰਜਾਂ ਦਰਿਆਵਾਂ ਦੀ ਧਰਤੀ ਤੇ ਹੋਏ ਹਨ ਜਿਨ੍ਹਾਂ ਨੇ ਆਪਣੀਆਂ ਕਥਨੀਆਂ, ਕਰਨੀਆਂ, ਰਹਿਣੀਆਂ ਅਤੇ ਸਹਿਣੀਆਂ ਰਾਹੀਂ ਹਜ਼ਾਰਾਂ ਹੀ ਸੜੇ ਸੁੱਕੇ ਦਿਲਾਂ ਅੰਦਰ ਮਹਿਕਾਂ ਤੇ ਖੇੜਿਆਂ ਦੀ ਛਹਿਬਰ ਲਾਈ ।

**੨. ਜਨਮ ਸਮੇਂ ਦੀ ਵਿੱਥਿਆ–**

੧੮੪੯ ਈਸਵੀ ਵਿਚ ਸਿੱਖ ਰਾਜ ਖੁੱਸ ਗਿਆ । ਪੰਜਾਂ ਦਰਿਆਵਾਂ ਦੇ ਮਾਲਿਕ, ਸੋਹਣੇ ਸੁੰਦਰ ਪੰਜਾਬ ਦੇ ਵਾਲੀ, ਅੰਗਰੇਜ਼ ਦੇ ਗ਼ੁਲਾਮ ਬਣ ਗਏ । ਪਰ ਗ਼ੁਲਾਮੀ ਸਿੱਖ ਸੁਭਾਉ ਨੂੰ ਭਾਉਂਦੀ ਨਹੀਂ । ਇਸ ਦੇ ਨਾਲ ਹੀ ਸਿੱਖ ਧਰਮ ਉਪਰ ਈਸਾਈ ਪਾਦਰੀਆਂ ਅਤੇ ਆਰੀਆ ਸਮਾਜੀਆਂ ਦੇ ਹਮਲਿਆਂ ਦਾ ਮਹੂਰਤ ਖੁਲ੍ਹ ਗਿਆ । ਬਸ ਫਿਰ ਕੀ ? ਸਤਿਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ-ਆਦਰਸ਼ ਉਮਡ ਪਿਆ :

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸ਼ਟ ਦੋਖੀਅਨਿ ਪਕਰਿ ਪਛਾਰੋ ॥੪੨॥
(ਬਚਿਤ੍ਰ ਨਾਟਕ, ਧਿਆਇ ੬

ਅਤੇ–ਦੇਹ ਸ਼ਿਵਾ ਬਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ, ਨਿਸਚੈ ਕਰ ਅਪਨੀ ਜੀਤ ਕਰੋਂ ॥੨੩੧॥
[ਚੰਡੀ ਚਰਿਤ੍ਰ ਉਕਤਿ ਬਿਲਾਸ

ਸਿੱਖਾਂ ਨੇ ਕਦੇ ਵੀ ਗ਼ੁਲਾਮੀ ਕਬੂਲ ਨਹੀਂ ਕੀਤੀ, ਅਨਿਆਂ ਤੇ ਧੱਕੇਸ਼ਾਹੀ ਅੱਗੇ ਕਦੇ ਵੀ ਨਹੀਂ ਝੁਕੇ । ਸਿੰਘ ਸਭਾ ਲਹਿਰ ੧੮੭੩ ਵਿੱਚ ਸ਼ੁਰੂ ਹੋ ਗਈ । ਇਸ ਲਹਿਰ ਨੇ ਕੁਝ ਸਾਲਾਂ ਅੰਦਰ ਹੀ ਈਸਾਈਆਂ ਤੇ ਆਰੀਆ ਸਮਾਜੀਆਂ ਦੀਆਂ ਕੁਚਾਲਾਂ ਤੇ ਕਰਤੂਤਾਂ ਨੂੰ ਠਲ੍ਹ ਪਾ ਕੇ ਖਾਲਸੇ ਦਾ ਬੋਲਬਾਲਾ ਕਾਇਮ ਕਰ ਦਿੱਤਾ । ਠੀਕ ਇਸੇ ਸਮੇਂ ਭਾਈ ਰਣਧੀਰ ਸਿੰਘ ਜੀ ਦਾ ਜਨਮ ੭ ਜੁਲਾਈ, ੧੮੭੮ ਮੁਤਾਬਿਕ ੨੫ ਹਾੜ ਸੰਮਤ ੧੯੩੫ ਨੂੰ ਪਿਤਾ ਸ: ਨੱਥਾ ਸਿੰਘ ਜੀ ਗਰੇਵਾਲ, ਪਿੰਡ ਨਾਰੰਗਵਾਲ ਦੇ ਘਰ ਮਾਤਾ, ਸਰਦਾਰਨੀ ਪੰਜਾਬ ਕੌਰ ਜੀ ਦੀ



www.AKJ.Org

ਸੁਲੱਖਣੀ ਕੁੱਖ ਤੋਂ ਇਕ ਰੱਜੇ ਪੁੱਜੇ, ਸਰਦੇ ਸੁਲਝੇ ਪਰਵਾਰ ਵਿਚ ਹੋਇਆ। ਪਿੰਡ ਨਾਰੰਗਵਾਲ ਦੀ ਧਰਤੀ ਨੂੰ ਇਹ ਗੌਰਵ ਪ੍ਰਾਪਤ ਹੈ ਕਿ ਭਾਰਤ ਦੇ ਵਧੀਆ ਤੇ ਮਹਾਨ ਸੁਯੋਗ ਡਾਕਟਰ, ਇੰਜੀਨੀਅਰ, ਐਡਵੋਕੇਟ ਤੇ ਜੱਜ, ਪ੍ਰਬੰਧਕ, ਕ੍ਰਿਸ਼ੀ ਸ਼ਾਸਤਰੀ, ਫੌਜੀ ਜਰਨੈਲ, ਖਿਲਾੜੀ, ਸੰਤ, ਭਗਤ ਅਤੇ ਸੁੰਦਰ ਇਨਸਾਨ ਜਿੰਨੇ ਇਸ ਇਕ ਪਿੰਡ ਨੇ ਦੇਸ਼ ਕੌਮ ਦੀ ਝੋਲੀ ਵਿਚ ਪਾਏ, ਜਿਨ੍ਹਾਂ ਨੇ ਭਾਰਤ ਦਾ ਨਾਮ ਚਹੁੰ ਕੂੰਟਾਂ ਵਿਚ ਪ੍ਰਸਿੱਧ ਕੀਤਾ, ਉਨੇ ਹੋਰ ਕਿਸੇ ਇਕ ਪਿੰਡ ਨੇ ਨਹੀਂ ਉਪਜਾਏ । ਉਹਨਾਂ ਵਿਚੋਂ ਇਕ ਭਾਈ ਰਣਧੀਰ ਸਿੰਘ ਜੀ ਸਨ, ਜਿਨ੍ਹਾਂ ਦੇ ਸਪੁੱਤਰ ਸ: ਬਲਬੀਰ ਸਿੰਘ ਜੀ ਨਾਮ ਰਸੀਏ ਪ੍ਰੇਮੀ, ਆਪਣੇ ਪਰਵਾਰ ਸਮੇਤ, ਸਰਾਭਾ ਨਗਰ, ਲੁਧਿਆਣੇ ਵਿਚ ਸੁਚੱਜਾ ਗ੍ਰਿਹਸਥੀ ਜੀਵਨ ਨਿਭਾ ਰਹੇ ਹਨ ।

### ੩. ਵਿੱਦਿਆ ਪ੍ਰਾਪਤੀ ਤੇ ਸਿੱਖੀ ਧਰਮ–

ਆਪ ਨੇ ੧੯੦੦ ਈ: ਵਿਚ ਬੀ. ਏ. ਦੀ ਡਿਗਰੀ ਫ਼ਾਰਮਨ ਕ੍ਰਿਸਚਨ ਕਾਲਜ, ਲਾਹੌਰ ਤੋਂ ਪ੍ਰਾਪਤ ਕੀਤੀ। ਪੜ੍ਹਾਈ ਸਮੇਂ ਆਪ ਜੀ ਦੇ ਦੂਰ-ਦ੍ਰਿਸ਼ਟ ਤੇ ਸੁਘੜ ਸੁਜਾਨ ਪਿਤਾ ਜੀ ਨੇ, ਜੋ ਉਸ ਸਮੇਂ ਨਾਭੇ ਵਿਚ ਜੱਜ ਸਨ, ਆਪ ਜੀ ਨੂੰ ਪੱਤਰ ਲਿਖਿਆ ਕਿ ਸਵੇਰੇ ਜਪੁਜੀ ਸਾਹਿਬ ਤੇ ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਕਰਿਆ ਕਰੋ, ਜਿਸ ਸਦਕਾ ਪ੍ਰੀਖਿਆ ਵਿਚ ਚੰਗੇ ਨੰਬਰ ਹਾਸਲ ਹੋ ਜਾਣਗੇ ਅਤੇ ਨਾਲ ਹੀ ਇਕ ਗੁਟਕਾ ਵੀ ਭੇਜ ਦਿੱਤਾ। ਆਪ ਦੇ ਪਾਕ ਦਿਲ, ਦਿਮਾਗ ਨੇ ਗੁਰਬਾਣੀ ਦੇ ਰਸ, ਰਹੱਸ ਨੂੰ ਖ਼ੂਬ ਕਬੂਲਿਆ। ਪਾਠ ਸੁਣਨ ਵਾਲੇ ਵੀ ਰਸ, ਰਹੱਸ ਮਾਣਦੇ ਸਨ । ਆਪ ਹਰ ਸਮੇਂ ਬਾਣੀ ਦੀ ਅੰਦਰੂਨੀ ਲਗਨ, ਖਿੱਚ ਤੇ ਪਿਆਰ ਵਿਚ ਗੜੁੱਚ ਰਹਿੰਦੇ। ਆਪ ਨੂੰ ਆਪਣੇ ਅੰਦਰ ਬਾਣੀ ਦਾ ਵਾਸਾ ਮਹਿਸੂਸ ਹੋਇਆ । ਸਤਿਗੁਰਾਂ, ਗੁਰਬਾਣੀ ਪੜ੍ਹਨ, ਸੁਣਨ, ਸਮਝਣ, ਵਿਚਾਰਨ, ਮੰਨਣ, ਮਾਨਣ, ਅਰਾਧਣ, ਧਿਆਉਣ ਤੇ ਸਿਮਰਨ ਕਰਨ ਦੀ ਅਜਿਹੀ ਸਮਰਥਾ ਬਖਸ਼ੀ ਕਿ ਅਣਡਿਠੀਆਂ ਮੰਜ਼ਲਾਂ ਦਿਸਣ ਲੱਗ ਪਈਆਂ । ਇਕ ਵਾਰ ਆਪ ਜੀ ਦੇ ਪਿਤਾ ਸਖ਼ਤ ਬੀਮਾਰ ਹੋ ਗਏ। ਡਾਕਟਰੀ ਇਲਾਜ ਬੇਅਸਰ, ਮੋੜਾ ਪਵੇ ਹੀ ਨਾ, ਕੋਈ ਦੁਆਈ ਨਾ ਪੋਹਵੇ । ਤਾਂ ਭਾਈ ਸਾਹਿਬ ਨੂੰ ਫੁਰਨਾ ਫੁਰਿਆ :–

ਸਰਬ ਰੋਗ ਕਾ ਅਉਖਦੁ ਨਾਮੁ ॥ ਕਲਿਆਣ ਰੂਪ ਮੰਗਲ ਗੁਣ ਗਾਮ ॥
ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ ॥ ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ॥੫॥(ਪੰ: ੨੭੪)

ਤਤਕਾਲ ਆਪ ਨੇ ਸ੍ਰੀ ਜਪੁ ਜੀ ਸਾਹਿਬ ਦਾ ਪਾਠ ਅਰੰਭ ਦਿਤਾ। 'ਮੰਨੇ' ਦੀਆਂ ਪਉੜੀਆਂ ਤੇ ਆ ਕੇ ਆਪ ਜੀ ਦੀ ਸੁਰਤੀ ਗੁਰਬਾਣੀ ਵਿਚ ਏਨੀ ਲੀਨ ਅਤੇ ਰਸ-ਪੂਰਤ ਹੋ ਗਈ ਕਿ ਗੁਰਬਾਣੀ ਦੀ ਅੰਦਰ ਵਰਤ ਰਹੀ ਪਾਰਸ-ਕਲਾ ਨੇ ਆਲੇ ਦੁਆਲੇ ਵੀ ਅਸਚਰਜਤਾ ਵਰਤਾ ਦਿਤੀ ਅਤੇ ਆਪ ਦੇ ਪਿਤਾ ਜੀ ਦਾ ਰੁਕਿਆ ਪਿਸ਼ਾਬ ਤੁਰਤ ਚਾਲੂ ਹੋ ਗਿਆ ਤੇ ਉਹਨਾਂ ਨੇ ਇਸ ਨੂੰ 'ਮੰਨੇ ਦੀ ਪਉੜੀ' ਦਾ ਜਾਦੂ ਸਵੀਕਾਰ ਕੀਤਾ।

ਇਸ ਤਰ੍ਹਾਂ ਦੇ ਬਾਣੀ ਤੇ ਭਰੋਸਾ ਅਤੇ ਦ੍ਰਿੜ੍ਹਤਾ ਸਦਕਾ, ਆਪ ਜੀ ਦੇ ਗੁਰਮਤਿ ਵਿਚਾਰਾਂ ਨੂੰ ਵੀ ਪਰਪੱਕਤਾ ਮਿਲੀ। ਧੰਨ ਗੁਰ-ਬਾਣੀ, ਧੰਨ ਗੁਰਬਾਣੀ ਦੇ ਰਸੀਏ।

ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥ ॥੫॥ (੯੮੨)

### ੪. ਅੰਮ੍ਰਿਤ ਦੀ ਦਾਤਿ ਤੇ ਸਰਬ ਲੋਹ ਦੀ ਵਰਤੋਂ–

ਉਪਰੰਤ ਆਪ ਜੀ ਨੇ ਪਰਤਿਸ਼ਟਤ ਸਰਕਾਰੀ ਅਹੁਦੇ ਉਤੇ ਕੁਝ ਚਿਰ ਸਰਕਾਰੀ ਨੌਕਰੀ ਕੀਤੀ। ਪਰ ਆਪ ਜੀ ਦੇ ਵੈਰਾਗਮਈ ਮਨ ਨੇ ਨੌਕਰੀ ਨਾ ਕਬੂਲੀ। ਆਪ ਵਿਚ ਸਮੂਹ ਦੈਵੀ ਗੁਣਾਂ ਦੀ ਉਤਪਤੀ ਹੋਈ। ਆਪ ਸੰਗਤ ਵਿਚ ਬੈਠ ਕੇ ਅਗੰਮੀ ਕੀਰਤਨ ਸੁਣਦੇ ਸੁਣਦੇ ਅਗੰਮੀ ਮੰਡਲਾਂ ਦਾ ਰਸ ਮਾਣਦੇ। ਸਮਾਧੀ ਵਿਚ ਮਗਨ ਹੁੰਦੇ, ਖੇੜੇ ਵਿਚ ਆਉਂਦੇ। ਅਜਿਹੀ ਅਵਸਥਾ ਗੁੰਗੇ ਦੀ ਮਿਠਿਆਈ ਵਾਂਗ ਹੁੰਦੀ ਹੈ, ਜੋ ਇਸ ਮਿਠਿਆਈ ਦਾ ਸੁਆਦ ਮਾਣਦਾ ਹੈ ਪਰ ਦੱਸ ਨਹੀਂ ਸਕਦਾ।



www.AKJ.Org

ਕਹੁ ਕਬੀਰ, ਗੂੰਗੈ ਗੁੜੁ ਖਾਇਆ, ਪੂਛੇ ਤੇ ਕਿਆ ਕਹੀਐ ॥੪॥੭॥ (ਪੰਨਾ ੩੩੪)

ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥੫॥ (ਜਪੁਜੀ)

ਭਾਈ ਸਾਹਿਬ ਜੀ ਨੇ ਅੰਮ੍ਰਿਤ ਛਕਿਆ। ਆਪ ਦੀ ਕਾਇਆਂ-ਕਲਪ ਹੋ ਗਈ। ਆਪਣੇ ਪਿੰਡ ਵਿਚ ਇਕ ਪਰੇਮੀ ਕੀਰਤਨੀ ਜਥਾ ਤਿਆਰ ਕੀਤਾ, ਜੋ ਬਾਹਰ ਦੀਵਾਨਾਂ ਵਿਚ ਵੀ ਕੀਰਤਨ ਸੰਚਾਰ ਕਰਦਾ। ਆਪ ਨਾਮ ਬਾਣੀ ਦਾ ਰਸ ਮਾਣਦੇ ਮਾਣਦੇ ਕਣ ਕਣ ਵਿਚ ਕਾਦਰ ਦੀ ਕੁਦਰਤ ਦਾ ਜਲਵਾ ਦੇਖਣ ਲੱਗੇ :

ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥੪॥੩॥੧੫੦॥ (ਪੰਨਾ ੩੯੭)

ਸਚਾ ਅਮਰੁ, ਸਚੀ ਪਾਤਿਸਾਹੀ ॥੩॥੭॥੫੪॥ (ਪੰਨਾ ੭੩੯)

ਪਰ—ਹਰਿ ਆਪੇ ਹੋਇ ਕ੍ਰਿਪਾਲੁ, ਆਪਿ ਲਿਵ ਲਾਵਹਿਗੇ ॥੪॥੬॥ (ਪੰਨਾ ੧੩੨੧)

ਇਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥੨॥੨॥ (ਪੰਨਾ ੯੪੭)

ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ ॥੨॥੨੪॥੩੧॥ (ਪੰਨਾ ੧੦੩)

ਆਪ ਸਰਬ ਲੋਹ ਦੇ ਧਾਰਨੀ ਸਨ। ਭਾਵੇਂ ਜੀਵਨ ਵਿਚ ਅਨੇਕ ਵਾਰ ਅਤਿਅੰਤ ਔਕੜਾਂ ਆਈਆਂ ਪਰ ਗੁਰੂ-ਮਿਹਰ ਸਦਕਾ ਦ੍ਰਿੜ੍ਹ ਰਹੇ। ਆਪ ਜੀ ਦਾ ਅਭਿਆਸ ਇਸ ਕਦਰ ਪਰਪੱਕ ਸੀ ਕਿ ਆਪ ਨੇ ਕਈ ਵਾਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਅਖੰਡ ਪਾਠ ਇਕੋ ਚੌਕੜੇ ਵਿਚ, ਇਕੋ ਆਸਣ ਤੇ ਬੈਠ ਕੇ ਸਰਵਣ ਕੀਤਾ। ਧੰਨ ਗੁਰੂ, ਧੰਨ ਉਹਨਾਂ ਦੇ ਸ਼ਰਧਾਲੂ।

## ੫. ਕਮਾਈਆਂ ਤੇ ਅਨੁਭਵ—

ਆਪ ਨੇ ਸ੍ਰੀ ਰਕਾਬ ਗੰਜ ਦੇ ਮੋਰਚੇ, ਗ਼ਦਰ ਲਹਿਰ, ਗੁਰਦੁਆਰ ਸੁਧਾਰ ਲਹਿਰ ਅਤੇ ੧੯੪੭ ਦੇ ਘੱਲੂਘਾਰੇ ਵਿਚ ਤਨ ਮਨ ਧਨ ਨਾਲ ਪੂਰਾ ਹਿੱਸਾ ਪਾਇਆ। ਇਹਨਾਂ ਮਹਾਨ ਆਦਰਸ਼ਾਂ ਦੀ ਪੂਰਤੀ ਲਈ ਆਪ ਜੀ ਨੂੰ ਉਮਰ ਕੈਦ ਦੀ ਕਰੜੀ ਸਜ਼ਾ ਭੁਗਤਣੀ ਪਈ। ਉਮਰ-ਕੈਦ ਸਮੇਂ ਆਪ ਨੇ ਮੁਲਤਾਨ, ਹਜ਼ਾਰੀ ਬਾਗ, ਰਾਜ ਮੰਦਰੀ, ਨਾਗਪੁਰ, ਸੈਂਟਰਲ ਜੇਲ੍ਹ ਲਾਹੌਰ ਨੂੰ ਨਾਮ ਬਾਣੀ ਦੇ ਪ੍ਰਵਾਹ ਨਾਲ ਭਾਗ ਲਾਏ। ਲਾਹੌਰ ਜੇਲ੍ਹ ਵਿਚ ਮਹਾਨ ਦੇਸ਼ ਭਗਤ, ਸ਼ਹੀਦ ਭਗਤ ਸਿੰਘ ਆਪ ਦੇ ਸੰਪਰਕ ਵਿਚ ਆਇਆ ਅਤੇ ਉਤਸ਼ਾਹਤ ਹੋ ਕੇ ਸਿੰਘ ਸਜ ਗਿਆ। ਸੋ ਆਪ ਜੀ ਦੀ ਜੀਵਨ-ਛੁਹ ਅਤੇ ਜਿਹਬਾ ਵਿਚ ਲੋਹੜੇ ਦਾ ਪ੍ਰਭਾਵ ਸੀ। ਉਹਨਾਂ ਦੇ ਗੁਰਸਿੱਖ-ਜੀਵਨ ਤੋਂ ਸਿੱਖ-ਜਗਤ ਬਹੁਤ ਹੀ ਪ੍ਰਭਾਵਿਤ ਹੈ। ਜਦੋਂ ਕਿਤੇ ਕੀਰਤਨੀ ਜਥਿਆਂ ਨੂੰ ਇਕ-ਮਨ, ਇਕ-ਚਿਤ, ਕੀਰਤਨ ਕਰਦੇ ਦੇਖੀਏ, ਸੁਣੀਏ ਤਾਂ ਸਾਡੇ ਵਰਗਾ ਕਲਜੁਗੀ ਜੀਵ ਵੀ ਉਸੇ ਰੰਗ ਵਿਚ ਰੰਗਿਆ ਜਾਂਦਾ ਹੈ, ਉਸੇ ਰਉਂ ਵਿਚ ਰਹਿ ਤੁਰਦਾ ਹੈ। ਆਪ ਨੇ ਅੰਦਰਲੇ ਬਾਹਰਲੇ ਤੌਰ ਤੇ ਸਿੱਖੀ ਸਿਧਾਂਤਾਂ ਨੂੰ ਅਪਣਾਇਆ, ਵਰਤਿਆ, ਕਮਾਇਆ ਤੇ ਮਾਣਿਆ। ਉਹਨਾਂ ਦੇ ਸਾਮਰਤਖ ਜੀਵਨ ਦਾ ਸ਼ੀਸ਼ਾ, ਉਹਨਾਂ ਦੇ ਗੁਰਮਤਿ ਸਾਹਿਤ ਦੇ ਰੂਪ ਵਿਚ ਸਾਡੇ ਲਈ **"ਸ਼ੁਭ ਕਰਮਨ ਤੇ ਕਬਹੂੰ ਨ ਟਰੋਂ"** ਦੀ ਪੂਰਤੀ ਲਈ ਉਤਸ਼ਾਹ, ਸਾਹਸ ਤੇ ਪ੍ਰੇਰਨਾ ਦਾ ਚਸ਼ਮਾ ਬਣਿਆ ਹੋਇਆ ਹੈ। ਆਪ ਨੇ ਇਹ ਦ੍ਰਿੜ੍ਹ ਨਿਸ਼ਚੇ ਕਰ ਲਿਆ ਸੀ ਕਿ ਜੋ ਕੁਝ ਗੁਰ-ਸ਼ਬਦ ਅੰਦਰ ਸਤਿਗੁਰਾਂ ਨੇ ਫੁਰਮਾਇਆ ਹੈ ਉਸ ਵਿਚ ਸ਼ੰਕਾ ਦੀ ਰਤੀ ਭਰ ਵੀ ਗੁੰਜਾਇਸ਼ ਨਹੀਂ, ਉਹ ਅਟੱਲ ਸਚਾਈ ਹੈ, ਧਾਰਨ ਯੋਗ ਗੁਰਮਤਿ ਅਸੂਲ ਹੈ। ਉਸ ਨੂੰ ਮੰਨਣਾ ਹੀ ਸਿੱਖ ਧਰਮ ਦੀ ਪਰਪੱਕਤਾ ਹੈ। ਸਤਿਗੁਰੂ ਸਾਨੂੰ ਵੀ ਅਜਿਹਾ ਹੀ ਵਿਸ਼ਵਾਸ ਬਖਸ਼ਣ, ਅਸੀਂ ਵੀ ਸਤਿਗੁਰਾਂ ਦੇ ਫੁਰਮਾਨਾਂ ਤੇ ਪੂਰਨ ਈਮਾਨ, ਵਿਸ਼ਵਾਸ ਲਿਆਈਏ। ਇਹ ਅੰਧ-ਵਿਸ਼ਵਾਸ ਵਾਲੀ ਗੱਲ ਨਹੀਂ। ਗੁਰਬਾਣੀ ਸਤਿਗੁਰਾਂ ਦੇ ਆਪਣੇ ਅਨੁਭਵਾਂ, ਤਜਰਬਿਆਂ, ਕਮਾਈਆਂ ਦਾ ਚਮਕਦਾਰ ਦਰਪਨ ਹੈ। ਸ਼ੰਕਾਵਾਦੀ ਨੂੰ ਭਰੋਸਾ ਇਸ ਲਈ ਨਹੀਂ ਆਉਂਦਾ ਕਿ ਉਹ ਅਨੁਭਵਾਂ, ਤਜਰਬਿਆਂ ਅਤੇ ਕਮਾਈਆਂ ਤੋਂ ਸੱਖਣਾ ਹੁੰਦਾ ਹੈ। ਸ਼ੰਕਾਵਾਦੀ ਨੂੰ ਉਹ ਆਤਮਕ ਅਵਸਥਾ ਪ੍ਰਾਪਤ ਨਹੀਂ ਹੁੰਦੀ। ਜੇ ਉਹ ਗੁਰਮੁਖ ਬਣ ਅਭਿਆਸ ਕਰੇ, ਅਣਦਿਸਦੇ, ਅਣਮੰਨੇ ਭਾਵਾਂ ਨੂੰ ਮਹਿਸੂਸ ਕਰੇ, ਸੱਚ ਮੰਨੇ, ਉਸ ਨੂੰ ਵਿਸ਼ਵਾਸ ਦੀ ਪ੍ਰਾਪਤੀ ਹੋਵੇਗੀ ਅਤੇ ਸੁਆਦ, ਖੁਸ਼ੀ ਤੇ ਅਨੰਦ ਆਵੇਗਾ। ਜਤਨ ਕਰੀਏ, ਗੁਰੂ ਸਹਾਈ ਹੋਣਗੇ। ਸਤਿਗੁਰੂ ਦਰ-ਢਠਿਆਂ ਨੂੰ ਉਪਰ ਹੀ ਨਹੀਂ ਚੁਕਦੇ, ਸਗੋਂ ਗਲ



www.AKJ.Org

ਲਾਉਂਦੇ ਹਨ। ਭਾਈ ਸਾਹਿਬ ਨੇ ਅਦ੍ਰਿਸ਼ਟ ਦੁਨੀਆ ਦੇ ਦ੍ਰਿਸ਼ਾਂ ਨੂੰ ਮਾਣਿਆ। ਆਪ ਨੇ ਆਤਮਕ ਮੰਡਲਾਂ ਦੀ ਸੈਰ ਕਰਕੇ, ਸਰ ਕੀਤਾ। ਗੁਰ-ਸ਼ਬਦ ਨਾਲ ਜੁੜੇ, ਘਾਲਾਂ ਘਾਲੀਆਂ, ਪਰਤੱਖ "ਜੋਤਿ ਵਿਗਾਸ" ਦੇ ਝਲਕਾਰਿਆਂ ਸਦਕਾ ਨੂਰੋ ਨੂਰ ਹੋਏ। ਰੱਬੀ ਰਸ ਪੀ ਪੀ ਕੇ ਭਰਪੂਰ ਜੀਵਨ ਜੀਵਿਆ। ਜੋ ਨੇੜੇ ਆਇਆ, ਗੁਰਮਤਿ ਦਾ ਆਸ਼ਕ ਹੋ ਨਿਬੜਿਆ। ਜੋ ਕੋਲ ਬੈਠਾ, ਛੁਹ ਪ੍ਰਾਪਤ ਹੋਈ, ਇਕ ਨਾਲ ਇਕ ਹੋ ਗਿਆ। ਸਹਜ ਸੁਭਾ ਚਮਤਕਾਰੇ ਦੇਖੇ।

ਕਹਿਬੇ ਕਉ ਸੋਭਾ ਨਹੀ, ਦੇਖਾ ਹੀ ਪਰਵਾਨੁ ॥੧੨੧॥ (ਪੰਨਾ–੧੩੭੦)

## ੬. ਖੰਡੇ ਦੀ ਫ਼ਿਲਾਸਫ਼ੀ–

ਆਪ ਗੁਰਮਤਿ ਵਿਚਾਰ ਵਿਚ ਲਿਖਦੇ ਹਨ :–

ਪਰਉਪਕਾਰ ਦਾ ਨਿਰਭੈ ਪਦ, ਨਾਮ ਮਹਾਂ ਰਸ ਦੀ ਕਮਾਈ ਦਾ ਸਿਖਰਲਾ ਡੰਡਾ ਹੈ। ਏਥੇ ਅਪੜ ਕੇ ਹੀ ਪੁਰਸ਼ ਪਰਉਪਕਾਰੀ ਹੋ ਸਕਦਾ ਹੈ। ਜਿਨ੍ਹਾਂ ਦੀ ਆਤਮ-ਬਿਰਤੀ, ਭਜਨ ਬਾਣੀ ਦੇ ਪ੍ਰਤਾਪ ਨਾਲ ਦੇਹ-ਅਧਿਆਸ ਤੋਂ ਰਹਿਤ ਹੋ ਚੁੱਕੀ ਹੈ, ਜਿਨ੍ਹਾਂ ਦੇ ਜੀਵਨ ਆਤਮ-ਬਲ ਦੇ ਤਾਣ ਆਪੇ ਤੋਂ ਉਚੇ ਹੋ ਚੁੱਕੇ ਹਨ, ਜੋ ਨਾਮ ਰਸਾਇਣੀ ਨਸ਼ੇ ਨਾਲ ਖੀਵੇ ਹੋ ਕੇ ਦੇਹੋਂ ਬਦੇਹ ਹੋ ਚੁੱਕੇ ਹਨ, ਜਿਨ੍ਹਾਂ ਦੀ ਅਸਲੀ ਭਗਤੀ ਕਮਾਈ :–

ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥
ਜਬ ਆਪਾ ਪਰ ਕਾ ਮਿਟਿ ਗਇਆ, ਜਤ ਦੇਖਉ ਤਤ ਤੂ ॥੨੦੪॥ (ਪੰਨਾ ੧੩੭੫)

ਦੇ ਵਾਕ ਵਾਲੇ ਭਾਵ ਦੇ ਟਿਕਾਣੇ ਤੇ ਪਹੁੰਚ ਚੁੱਕੀ ਹੈ, ਜਿਨ੍ਹਾਂ ਦੇ ਰਗੋ-ਰੇਸ਼ੇ ਅੰਦਰ ਚੜ੍ਹਦੀਆਂ ਕਲਾ ਵਾਲਾ ਬੀਰ ਰਸ ਹਰ ਦੰਮ ਠਾਠਾਂ ਮਾਰ ਉਠਦਾ ਹੈ, ਉਹੀ ਪੁਰਸ਼ ਪਰਉਪਕਾਰੀ ਬਣ ਸਕਦੇ ਹਨ। ..ਅੰਦਰ ਇਹ ਨਾਮ ਦਾ ਖੰਡਾ ਖੜਕਦਾ ਹੋਵੇ ਅਤੇ ਬਾਹਰ ਨਿਜ-ਭੁਜ-ਬਲ ਤੋਂ ਦੁਸ਼ਟਾਂ ਸ਼ਤਰੂਆਂ ਨੂੰ ਦਮਨ ਕਰਨਹਾਰਾ ਸਰਬ ਲੋਹ ਦਾ ਖੜਗ-ਖੰਡਾ ਖੜਕਦਾ ਹੋਵੇ ਤੇ ਅੰਦਰਲੀ ਤਾਰ ਨਿਮਖ ਮਾਤ੍ਰ ਵੀ ਨਾ ਟੁੱਟੇ, ਇਹ ਬੀਰ ਰਸ ਮਾਤੇ ਪਰਉਪਕਾਰੀ ਜੋਧੇ ਦੇ ਵਾਸਤਵੀ ਲੱਛਣ ਹਨ। ਏਸ ਅਵਸਥਾ ਪ੍ਰਥਾਇ ਸ੍ਰੀ ਦਸਮੇਸ਼ ਜੀ ਦਾ ਇਹ ਮੁਖਵਾਕ ਕਿਹਾ ਸੁੰਦਰ ਫਬਦਾ ਹੈ :–

ਧੰਨ ਜੀਓ ਤਿਹ ਕੋ ਜਗ ਮੈਂ, ਮੁਖ ਤੇ ਹਰਿ ਚਿਤ ਮੈਂ ਜੁੱਧ ਬਿਚਾਰੈ ॥
ਦੇਹ ਅਨਿਤ ਨ ਨਿਤ ਰਹੈ, ਜਸ਼ ਨਾਵ ਚੜੈ ਭਵ ਸਾਗਰ ਤਾਰੈ ॥
ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉ ਉਜਿਆਰੈ ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ ॥੨੪੯੨॥
(ਦਸਮ ਗ੍ਰੰਥ, ਕ੍ਰਿਸ਼ਨਾ ਅਵਤਾਰ)

ਇਹ ਉਹੀ ਸ਼ਕਤੀ ਹੈ ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹਾਏ ਗਏ, ਉਬਲਦੀਆਂ ਦੇਗਾਂ ਵਿਚ ਉਬਾਲੇ ਗਏ, ਆਰਿਆਂ ਨਾਲ ਚਿਰਾਏ ਗਏ ਟੋਟੇ ਟੋਟੇ ਕਰਵਾ ਕੇ ਬੱਚੇ ਝੋਲੀਆਂ ਵਿਚ ਪੁਆਏ, ਪਰ ਸੀ ਨਹੀਂ ਕੀਤੀ, ਭਾਣਾ ਮਿੱਠਾ ਕਰਕੇ ਮੰਨਿਆ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ-ਸੁਆਸਾਂ ਸੰਗ ਨਿਭਾਈ। ਧੰਨ ਸਤਿਗੁਰੂ ਤੇ ਧੰਨ ਧੰਨ ਉਸਦੇ ਸਿੱਖ।

## ੭. ਗੁਰਬਾਣੀ ਕੀਰਤਨ–

"ਕਲਿਜੁਗ ਮਹਿ ਕੀਰਤਨੁ ਪਰਧਾਨ ॥" (੧੦੭੫) ਆਪ ਕੀਰਤਨ ਕਰਦੇ ਕਰਦੇ ਅਜਿਹੇ ਲਿਵਲੀਨ ਤੇ ਮਗਨ ਹੋ ਜਾਂਦੇ ਕਿ ਆਪ ਦੇ ਨਾਲ ਸਰੋਤੇ ਵੀ ਝੂਮਣ ਲਗ ਪੈਂਦੇ। ਇਕ ਰੱਬੀ, ਅਦਭੁਤ ਨਜ਼ਾਰਾ ਬੱਝ ਜਾਂਦਾ। ਆਪ ਜੀ ਨੇ ਗੁਰਬਾਣੀ ਕੀਰਤਨ ਦੀ ਅਦੁੱਤੀ ਲਹਿਰ ਹੀ ਚਲਾ ਦਿੱਤੀ। ਇਹ ਲਹਿਰ ਅੱਜ ਤੱਕ ਸੱਤ ਸਮੁੰਦਰਾਂ ਤੋਂ ਪਾਰ ਵੀ ਅਲੌਕਿਕ ਪ੍ਰਭਾਵ ਪਾ ਰਹੀ ਹੈ। ਪ੍ਰੇਮੀ ਕੀਰਤਨ ਦਾ ਰਸ ਮਾਣਦੇ ਮਾਣਦੇ ਲਿਵਲੀਨ



www.AKJ.Org

ਹੋ ਜਾਂਦੇ ਹਨ। ਭਾਈ ਸਾਹਿਬ ਜੀ ਨੂੰ ਇਹ ਦਾਤਿ ਸਤਿਗੁਰਾਂ ਨੇ ਯੋਗ ਸੁਧਾਰਕ ਜਾਣ ਕੇ ਬਖਸ਼ੀ ਅਤੇ ਆਪ ਜੀ ਨੇ ਅੱਗੇਂ ਇਸ ਦੇ ਖੁਲ੍ਹੇ ਗੱਫੇ ਪ੍ਰੇਮੀ ਸੰਗਤਾਂ ਨੂੰ ਵੰਡੇ।

ਹਰਿ ਇਕਸੁ ਹਥਿ ਆਇਆ ਵਰਸਾਣੇ ਬਹੁਤੇਰੇ ॥ (ਮਾਝ ਮ: ੫, ਪੰਨਾ ੧੦੧)

## ੮. 'ਜੀਵਨ' ਪੰਥ ਪ੍ਰਤੀ ਪਰਦਾਨ–

ਪਰ ਪੰਥ ਪ੍ਰਤੀ ਆਪ ਜੀ ਦੀ ਸਭ ਤੋਂ ਵੱਡੀ ਦੇਣ ਗੁਰਮਤਿ ਸਾਹਿੱਤ ਹੈ। ਆਪ ਇਕ ਯੁਗ-ਪੁਰਸ਼ ਸਨ। ਆਪ ਦੇ ਜੀਵਨ ਅੰਦਰ ਬਹੁਤ ਕੌਤਕ ਅਜਿਹੇ ਹੋਏ ਜੋ ਸਾਦੇ ਦਿਲਾਂ ਅੰਦਰ ਵੀ ਗੁਰਮਤਿ ਦੇ ਅਸੂਲਾਂ ਨੂੰ ਪਰਤਖ ਦ੍ਰਿੜ੍ਹ ਕਰਵਾਉਂਦੇ ਹਨ। ਆਪ ਇਕ ਅਲੌਕਿਕ ਲੇਖਕ ਸਨ। ਆਪ ਦੀ ਲਿਖਤ ਅੰਦਰ ਲੋਹੜੇ ਦੀ ਸੋਜ਼, ਅਤੀ ਸਪਸ਼ਟਤਾ ਅਤੇ ਸਰਲਤਾ ਭਰਪੂਰ ਸੀ। ਆਪ ਦੀ ਵਾਰਤਕ ਵੀ ਕਾਵਿ-ਰੂਪ ਸੀ। ਆਪ ਨੇ ਗੁਰਮਤਿ ਦੇ ਬਹੁਤੇ ਵਿਸ਼ੇ ਛੋਹੇ। ਆਪ ਨੇ ੪੦ ਦੇ ਕਰੀਬ ਵਡੀਆਂ ਛੋਟੀਆਂ ਪੁਸਤਕਾਂ ਲਿਖੀਆਂ। ਜੇਲ੍ਹਾਂ ਅੰਦਰ ਜਾਂ ਸ਼ਿਮਲੇ ਦੀ ਪਹਾੜੀ, ਕੁਮਾਰ ਹੱਟੀ ਆਦਿ ਵਿਖੇ ਅਤੇ ਸ੍ਰੀ ਨਗਰ ਰਹਿ ਕੇ ਇਹੋ ਕੰਮ ਕਰਦੇ ਰਹੇ। ਅੰਮ੍ਰਿਤ ਪਰਚਾਰ, ਅਖੰਡ ਪਾਠ ਦੀ ਮਹੱਤਤਾ, ਅਖੰਡ ਕੀਰਤਨ ਦਾ ਪਰਭਾਵ, ਗੁਰਮਤਿ ਖੋਜ, ਗੁਰਬਾਣੀ ਵਿਆਖਿਆ ਆਦਿ ਵਿਸ਼ਿਆਂ ਤੇ ਆਪ ਨੇ ਰਚਨਾਵਾਂ ਲਿਖੀਆਂ। ਭਾਈ ਸਾਹਿਬ ਦਾ ਨਿੱਤ ਦਾ ਜੀਵਨ ਗੁਰਮਤਿ ਦਾ ਅਨੁਸਾਰੀ ਸੀ, 'ਸੁਰਤਿ ਸ਼ਬਦ' ਨਾਲ ਸਰਸ਼ਾਰ ਸੀ। 'ਪੰਚ ਸਬਦ' ਦੀ ਧੁਨੀ ਅੰਦਰ ਲਗਾਤਾਰ ਵਜਦੀ ਰਹਿੰਦੀ ਸੀ :

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥
ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥
ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥
ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥
ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥ ੫ ॥

(ਅਨੰਦ ਸਾਹਿਬ, ਪੰਨਾ ੯੧੭)

ਭਾਈ ਸਾਹਿਬ ਜੀ ਨੇ ਸਮੁੱਚਾ ਜੀਵਨ ਹੀ ਪੰਥ ਤੇ ਸੰਗਤਾਂ ਨਮਿਤ ਅਰਪਣ ਕੀਤਾ ਹੋਇਆ ਸੀ।

## ੯. ਗੁਰਪੁਰੀ ਪਿਆਨੇ–

ਇਹ ਮਹਾਨ ਤਪੱਸਵੀ, ਸੰਗਤਾਂ ਦੇ ਪੱਥ ਚਾਲਕ, ਅੰਤ ੧੬ ਅਪਰੈਲ ੧੯੬੧ ਨੂੰ ਅਕਾਲਾ ਚਲਾਣਾ ਕਰ ਗਏ। ਆਪ ਜੀ ਦੀ ਦੇਹ ਦਾ ਸਸਕਾਰ ੧੭ ਅਪਰੈਲ ਨੂੰ ਗੁੱਜਰਵਾਲ ਦੀ ਮਲਿਆਣੇ ਵਾਲੀ ਢਾਬ ਤੇ ਕੀਤਾ ਗਿਆ। ਇਹ ਉਹੀ ਢਾਬ ਹੈ ਜਿਥੇ ਭਾਈ ਸਾਹਿਬ ਜੀ ਨੇ ਸਾਲਾਂ ਬੱਧੀ ਬੈਠ ਕੇ ਤਪੱਸਿਆ ਕੀਤੀ ਸੀ। ਉਸ ਸਮੇਂ ਸਾਰੇ ਪੰਜਾਬ ਤੇ ਦਿੱਲੀ ਆਦਿ ਤੋਂ ਸੰਗਤਾਂ ਪੁੱਜੀਆਂ ਹੋਈਆਂ ਸਨ। ਪਿੰਡਾਂ ਦੀਆਂ ਸੰਗਤਾਂ ਵੀ ਹਜ਼ਾਰਾਂ ਦੀ ਸੰਖਿਆ ਵਿਚ ਸ਼ਾਮਲ ਸਨ। ਇਹ ਵੈਰਾਗਮਈ ਦ੍ਰਿਸ਼ ਸੀ। ਸ਼ਬਦ ਗਾਇਨ ਹੋ ਰਿਹਾ ਸੀ। ਸੋ ਅਜਿਹੇ ਈਸ਼ਵਰੀ ਵਾਤਾਵਰਨ ਵਿਚ ਆਪ ਦੀ ਮ੍ਰਿਤਕ ਦੇਹ ਅਗਨ-ਭੇਟ ਕੀਤੀ ਗਈ। ੧੯ ਅਪਰੈਲ ਨੂੰ ਅੰਗੀਠੇ ਦੀ ਅਸਥੀਆਂ ਸਮੇਤ ਰਾਖ ਇਕੱਠੀ ਕਰ ਕੇ ਨਹਿਰ ਸਰਹੰਦ ਦੀ ਅਬੋਹਰ ਸ਼ਾਖ ਵਿਚ ਜਲ-ਪਰਵਾਹ ਕਰ ਦਿੱਤੀ ਗਈ। ਅਨੇਕਾਂ ਸਿਖ, ਅਸਿੱਖ ਆਪ ਜੀ ਦੇ ਪ੍ਰੇਮੀ ਤੇ ਸ਼ਰਧਾਲੂ ਸਨ, ਪਰ ਆਪ ਜੀ ਨੇ ਕੋਈ ਸੰਪਰਦਾ ਨਹੀਂ ਚਲਾਈ। ਨਾ ਹੀ ਕੋਈ ਗੱਦੀ ਕਾਇਮ ਕੀਤੀ। ਪੰਜ ਪਿਆਰੇ ਹੀ ਸਰਬ ਕਾਰਜਾਂ ਦੀ ਪੂਰਤੀ ਕਰਨਗੇ। ਸੋ ਅੱਜ ਵੀ ਜੋ ਕੀਰਤਨੀ ਜਥੇ ਕਾਇਮ ਹਨ, ਨਿਸ਼ਕਾਮ ਸੇਵਾ ਕਰਦੇ ਹਨ। ਨਿਰੋਲ ਬਾਣੀ ਦਾ ਕੀਰਤਨ ਕਰਦੇ ਹਨ। ਅਜਿਹੇ ਜਥਿਆਂ ਦੀ ਕਾਫ਼ੀ ਗਿਣਤੀ ਹੈ ਜੋ ਹਜ਼ਾਰਾਂ ਹੀ ਸਿੰਘ ਸਿੰਘਣੀਆਂ ਸਦਕਾ ਅਤੁਟ ਸੇਵਾ ਕਰ ਰਹੇ ਹਨ। ਧੰਨ ਸੇਵਾ, ਧੰਨ ਸਿਖੀ।

ਸਤਿਗੁਰੂ ਮਿਹਰ ਕਰਨ, ਇਹ ਕੀਰਤਨੀ ਜਥਾ ਪੰਥ ਦੀ ਨਿਸ਼ਕਾਮ ਸੇਵਾ ਕਰਦਾ, ਨਾਮ ਬਾਣੀ ਦੇ ਰੰਗ ਮਾਣਦਾ ਚੜ੍ਹਦੀ ਕਲਾ ਵਿਚ ਜਾਵੇ।



www.AKJ.Org

# ਗੁਸਾਈਂ ਦੇ ਪਹਿਲਵਾਨੜੇ ਭਾਈ ਸਾਹਿਬ

[ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਮਹਾਂ ਪੁਰਖਾਂ ਦੇ ਜੀਵਨ ਜਗਿਆਸੂਆਂ ਲਈ ਚਾਨਣ-ਮੁਨਾਰੇ ਹੁੰਦੇ ਹਨ। ਉਹਨਾਂ ਦੇ ਜੀਵਨ ਦੇ ਹਰ ਪੱਖ ਚੋਂ ਮਨੁੱਖ ਨੂੰ ਚਾਨਣ, ਅਗਵਾਈ ਅਤੇ ਨਿਰਮਲ ਪ੍ਰੇਰਨਾ ਮਿਲਦੀ ਹੈ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਗੁਸਾਈਂ ਦੇ ਪਹਿਲਵਾਨੜੇ ਦੇ ਰੂਪ ਵਿਚ ਆਪਣਾ ਜੀਵਨ ਬਤੀਤ ਕੀਤਾ। ਨਾਮ-ਬਾਣੀ ਦੀ ਅਤੁਟ ਕਮਾਈ ਕਰ ਕੇ ਜੀਵਨ-ਮੁਕਤ ਅਵਸਥਾ ਨੂੰ ਪ੍ਰਾਪਤ ਹੋਏ ਅਤੇ ਜੀਵਨ ਪ੍ਰਯੰਤ ਨਾਮ-ਬਾਣੀ ਦਾ ਢੰਡੋਰਾ ਦੇਣ ਦੇ ਸਫਲ ਆਹਰ ਵਿਚ ਰੁਝੇ ਰਹੇ। ਖਾਲਸਾ ਰਹਿਤ ਪ੍ਰਤੀ ਆਸ਼ਕੀ ਅਤੇ ਗੁਰੂ-ਹੁਕਮਾਂ ਦੀ ਪਾਲਨਾ ਦਾ ਚਾਅ ਜਿਥੇ ਆਪ ਜੀ ਦੀ ਸ਼ਖ਼ਸੀਅਤ ਨੂੰ ਵਿਕਸਤ ਕਰਨ ਵਿਚ ਸਹਾਈ ਹੋਇਆ, ਉਥੇ ਜਿਹੜੇ ਜਿਹੜੇ ਵਿਅਕਤੀਆਂ ਨੂੰ ਵੀ ਆਪ ਜੀ ਦੀ ਸ਼ਖ਼ਸੀਅਤ ਜਾਂ ਆਪ ਜੀ ਦੀ ਲੇਖਣੀ ਦੇ ਨੇੜੇ ਹੋਣ ਦਾ ਸੁਭਾਗ ਪ੍ਰਾਪਤ ਹੋਇਆ, ਉਹਨਾਂ ਅੰਦਰ ਵੀ ਗੁਰਮਤਿ-ਜੀਵਨ ਜੀਊਣ ਦਾ ਚਾਅ ਉਸੇ ਤਰ੍ਹਾਂ ਠਾਠਾਂ ਮਾਰ ਉਠਿਆ।

ਆਪ ਜੀ ਨੇ ਆਯੂ-ਪਰਯੰਤ ਗੁਰਮਤਿ ਅਸੂਲਾਂ'ਤੇ ਪਹਿਰਾ ਦਿਤਅ੍ਰਤੇ ਦ੍ਰਿੜ੍ਹ ਰਹੇ। ਆਪ ਜੀ ਨੇ ਆਪਣੇ ਸਮੁਚੇ ਜੀਵਨ ਨੂੰ ਨਾਮ-ਬਾਣੀ ਦੇ ਅਭਿਆਸ ਅਤੇ ਕੀਰਤਨ-ਪ੍ਰਚਾਰ ਲਈ ਗੁਰੂ-ਲੇਖੇ ਲਾਇਆ।

ਮਨੁਖੀ ਜੀਵਨ ਵਿਚ ਪਲਟਾ ਕੇਵਲ ਉਸੇ ਵਿਅਕਤੀ ਦੀ ਲੇਖਣੀ ਲਿਆ ਸਕਦੀ ਹੈ ਜਿਸ ਨੇ ਨਿਜੀ ਕਮਾਈ ਦੇ ਅਧਾਰ'ਤੇ ਕੁਝ ਲਿਖਿਆ ਹੁੰਦਾ ਹੈ। ਭਾਈ ਸਾਹਿਬ ਜੀ ਦੀ ਲੇਖਣੀ ਗੁਰਮਤਿ ਉਤੇ ਅਧਾਰਤ, ਅਤੇ ਨਾਮ-ਬਾਣੀ ਦੇ ਅਭਿਆਸ ਦੁਆਰਾ ਵਾਪਰੇ ਦੈਵੀ ਚਮਤਕਾਰਾਂ'ਤੇ ਅਧਾਰਤ ਇਕ ਮੌਲਕ ਰਚਨਾ ਹੈ।

ਆਪ ਜੀ ਦਾ ਜੀਵਨ ਬਹੁ-ਪੱਖੀ ਅਤੇ ਸਰਬ-ਪੱਖ-ਸੰਪੂਰਨ ਸੀ। ਆਪ ਜੀ ਅਤੁੱਟ ਨਾਮ-ਅਭਿਆਸੀ, ਗੁਰਬਾਣੀ ਕੀਰਤਨ ਦੇ ਰਸਿਕ-ਪ੍ਰੀਤਵਾਨ ਅਤੇ ਘੰਟਿਆਂ ਬੱਧੀ ਕੀਰਤਨ-ਰਸ ਮਾਨਣ ਵਾਲੇ ਅਣਥੱਕ ਕੀਰਤਨੀਏ, ਕਥਨੀ-ਕਰਨੀ ਦੇ ਸੂਰੇ, ਖਾਲਸਾ ਰਹਿਤ-ਰਹਿਣੀ ਦੇ ਪੂਰੇ, ਸਿਖੀ ਸਿਦਕ੍ਰਤੇ ਸਿਰੜ ਦੇ ਦ੍ਰਿੜ੍ਹ ਵਿਸ਼ਵਾਸੀ, ਬੀਰ-ਰਸ ਦੇ ਪੁੰਜ ਅਤੇ ਗੁਰਮਤਿ ਗੂਹਜ ਰਮਜ਼ਾਂ ਦੇ ਮਹਿਰਮ ਅਤੇ ਅਦੁਤੀ ਵਿਆਖਿਆਕਾਰ ਸਨ।

ਗੁਰਬਾਣੀ ਦੀ ਪਾਰਸ ਕਲਾ ਦੇ ਮੁਅਜਜ਼ੇ (ਕ੍ਰਿਸ਼ਮੇ) ਜਿਉਂ ਜਿਉਂ ਵਰਤਦੇ ਗਏ, ਤਿਉਂ ਤਿਉਂ ਆਪ ਗੁਰਬਾਣੀ ਦੇ ਸ਼ੈਦਾਈ ਹੁੰਦੇ ਗਏ। ਅੰਤ ਗੁਰਬਾਣੀ ਆਪ ਜੀ ਦੇ ਜੀਵਨ ਦਾ ਅਧਾਰ ਹੀ ਬਣ ਗਿਆ! ਇਸ ਗੁਰਬਾਣੀ ਦੇ ਆਸ਼ਕ ਦੀ ਸੰਗਤ ਵਿਚ ਅਨੇਕ ਗੁਰਸਿਖ ਪ੍ਰੇਮ ਰੰਗ ਵਿਚ ਰੰਗੇ ਗਏ ਤੇ ਇਸ ਤਰ੍ਹਾਂ ਗੁਰੂ-ਮਿਹਰ ਸਦਕਾ ਅਖੰਡ ਕੀਰਤਨੀ ਜਥੇ ਦਾ ਬਾਨ੍ਹਣੂ ਬੱਝਾ, ਜਿਸ ਸਦਕਾ ਨਿਸ਼ਕਾਮ ਅਖੰਡ ਕੀਰਤਨ ਦੀ ਸੇਵਾ ਦਾ ਤੋਰਾ ਤੁਰਿਆ ਜਾ ਰਿਹਾ ਹੈ। ਸਤਿਗੁਰੂ ਜੀ ਮਿਹਰ ਕਰਨ! ਇਹ ਪ੍ਰਵਾਹ ਬਣਿਆ ਰਵੇ!! ਚੜ੍ਹਦੀ ਕਲਾ ਵਿਚ ਜਾਵੇ!!!

ਗੁਰਮਤਿ ਦੇ ਕਈ ਗੂੜ੍ਹ ਅਤੇ ਅਣ-ਛੋਹ ਵਿਸ਼ਿਆਂ ਨੂੰ ਆਪ ਜੀ ਨੇ ਛੋਹਿਆ ਅਤੇ ਗੁਰਬਾਣੀ ਦੀ ਅਗਵਾਈ ਹੇਠ ਨਿਜੀ ਅਨੁਭਵ ਦੇ ਅਧਾਰ'ਤੇ ਭਰਪੂਰ ਚਾਨਣਾ ਪਾਇਆ। ਨਾਮ-ਅਭਿਆਸ ਕਮਾਈ, ਅਣਡਿੱਠੀ ਦੁਨੀਆ, ਚਰਨ ਕਮਲ ਕੀ ਮਉਜ, ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤ-ਪ੍ਰਸਤੀ ਹੈ? ਅਨਹਦ ਸ਼ਬਦ ਦਸਮ ਦੁਆਰ, ਗੁਰਮਤਿ ਬਿਬੇਕ ਆਦਿ ਪੁਸਤਕਾਂ, ਪੰਜਾਬੀ ਬੋਲੀ ਅਤੇ ਸਿਖ ਲਿਟਰੇਚਰ ਵਿਚ ਵਿਸ਼ੇਸ਼ ਅਤੇ ਵਿਲੱਖਣ ਵਾਧਾ ਹਨ।

''ਲੀਹਾਂ ਅੰਦਰਿ ਚਲੀਐ'' ਆਪ ਜੀ ਦਾ ਜੀਵਨ-ਉਦੇਸ਼ ਰਿਹਾ। ਆਤਮ-ਵਿਗਾਸ ਦੀ ਉਚਤਮ ਅਵਸਥਾ ਦੀ ਪ੍ਰਾਪਤੀ ਦੇ ਬਾਵਜੂਦ ਆਪ ਮਨ ਕਰਕੇ ਸਦਾ ਨਿਰਮਾਣ ਰਹੇ, ਸੰਤ ਨਹੀਂ ਅਖਵਾਇਆ, ਭਾਈ ਸਾਹਿਬ ਬਣੇ ਰਹੇ। ਗੁਰਮਤਿ ਦੇ ਵਖ ਵਖ ਅਸੂਲਾਂ'ਤੇ ਕਰੜਾਈ ਨਾਲ ਪਹਿਰਾ ਦਿਤਾ, ਭਾਵੇਂ ਕਰੜੇ ਕਸ਼ਟ ਝਲਣੇ ਪਏ।

ਆਪ ਜੀ ਨੇ ਪੰਥ ਨੂੰ ਪ੍ਰਚਲਤ ਕੁਰੀਤੀਆਂ ਤੋਂ ਬਚਾਇਆ। ਜਦੋਂ ਸ਼ਰਾਬ-ਕਬਾਬ ਦੇ ਚਸਕਾਲੂ ਇਹਨਾਂ ਐਬਾਂ ਨੂੰ ਖਾਲਸਾ ਰਹਿਤ ਵਿਚ ਵਾੜਨ ਦੀ ਬੇਹੂਦਾ ਚਾਲ ਚਲ ਰਹੇ ਸਨ, ਆਪ ਨੇ ਨਿਰਭੈ ਹੋ ਕੇ ਇਹਨਾਂ ਦੇ ਕੁਰਹਿਤ ਦਾ ਹਿਸਾ ਹੋਣ ਬਾਰੇ ਬੁਲੰਦ ਅਵਾਜ਼ ਉਠਾਈ, ਕਲਮ ਚੁਕੀ ਅਤੇ ਪਰਚਾਰ ਕੀਤਾ, ਜਿਸਦੇ ਫਲ-ਸਰੂਪ



www.AKJ.Org

# ਗੁਰੂ-ਜੋਤਿ ਮਾਰਗ ਦੇ ਸੱਚੇ ਆਸ਼ਕ

[ਪ੍ਰੋ: ਜੋਗਿੰਦਰ ਸਿੰਘ ਜੀ ਮੈਂਬਰ, ਦਿਲੀ ਸਿਖ ਗੁਰਦੁਆਰਾ ਪ੍ਰਬੰਧਕ ਕਮੇਟੀ]

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਬਚਪਨ ਤੋਂ ਲੈ ਕੇ ਅਖ਼ੀਰਲੇ ਸੁਆਸ ਤਕ ਜਿਵੇਂ ਸੰਘਰਸ਼, ਸਹਿਜ ਤੇ ਸਾਹਿਤ ਦਾ ਮਾਣ ਭਰਿਆ ਜੀਵਨ ਬਿਤਾਇਆ ਹੈ, ਅਜਿਹਾ ਮਾਣ-ਪ੍ਰਾਪਤੀ ਦਾ ਜੀਵਨ ਵੀਹਵੀਂ ਸਦੀ ਵਿਚ ਸ਼ਾਇਦ ਹੋਰ ਕਿਸੇ ਵੀ ਸ਼ਖਸੀਅਤ ਨੂੰ ਪ੍ਰਾਪਤ ਨਹੀਂ ਹੋਇਆ।

ਭਾਈ ਸਾਹਿਬ ਰਣਧੀਰ ਸਿੰਘ ਜੀ ਮੂਲ ਰੂਪ ਵਿਚ ਗੁਰੂ-ਜੋਤਿ-ਮਾਰਗ ਦੇ ਸੱਚੇ ਆਸ਼ਕ ਸਨ। ਗੁਰੂ-ਜੋਤਿ ਦੇ ਭਗਤੀ-ਮਾਰਗ ਨੂੰ ਉਨ੍ਹਾਂ ਨੇ ਘਰ, ਪਰਿਵਾਰ, ਚਾਕਰੀ ਤੇ ਜੇਲ੍ਹ ਦੀਆਂ ਸੀਖਾਂ ਵਿਚ ਰਹਿ ਕੇ ਖ਼ੂਬ ਕਮਾਇਆ। ਇਹ ਭਗਤੀ-ਕਮਾਈ ਹੀ ਸੀ, ਜਿਸ ਨੇ ਭਾਈ ਸਾਹਿਬ ਜੀ ਨੂੰ ਦ੍ਰਿੜ੍ਹਤਾ, ਸੰਘਰਸ਼ ਤੇ ਪੰਥਕ ਸੇਵਾ ਦਾ ਜਜ਼ਬਾ ਪ੍ਰਦਾਨ ਕੀਤਾ। ਭਾਈ ਸਾਹਿਬ ਜੀ ਦੇ ਹਿਰਦੇ ਵਿਚ ਗੁਰਬਾਣੀ, ਗੁਰੂ ਯਾਦਾਂ ਰੂਪ ਵਿਚ ਉਸਰੇ ਗੁਰਦੁਆਰਿਆਂ, ਗੁਰੂ ਮਾਰਗਾਂ ਉਤੇ ਚਲਦੇ ਸਿੰਘ ਸੂਰਮਿਆਂ ਤੇ ਭਾਰਤੀ ਸੰਗਰਾਮੀਆਂ ਵਾਸਤੇ ਵੀ ਅਥਾਹ ਸਤਿਕਾਰ ਸੀ। ੧੯੧੪ ਵਿਚ ਜਦੋਂ ਅੰਗਰੇਜ਼ ਸਰਕਾਰ ਨੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਉਸਾਰੇ ਗੁਰਦੁਆਰਾ ਰਕਾਬ ਗੰਜ ਸਾਹਿਬ ਜੀ ਦੀ ਕੰਧ ਢਾਹ ਦਿਤੀ, ਤਾਂ ਉਸ ਵੇਲੇ ਭਾਈ ਸਾਹਿਬ ਨੇ ਜਿਸ ਜੁਰਅਤਿ ਤੇ ਜਮਾਲ ਨਾਲ, ਸ਼ਹੀਦੀ ਜਥਾ ਲੈ ਕੇ ਕੰਧ ਢਾਹੁਣ ਵਿਰੁਧ ਮੋਰਚਾ ਲਾਇਆ, ਬਸ ਇਹੀ ਇਕ ਇਤਿਹਾਸਕ ਤੇ ਗੌਰਵ ਵਾਲਾ ਮੌਕਾ ਸੀ ਜਿਸ ਨੇ ਭਾਈ ਸਾਹਿਬ ਜੀ ਦੀ ਸ਼ਖਸੀਅਤ ਨੂੰ ਸੁਤੰਤਰਤਾ ਸੰਗਰਾਮੀਆਂ ਦੀ ਕਤਾਰ ਵਿਚ ਖੜਾ ਕਰ ਦਿਤਾ। ਭਾਈ ਸਾਹਿਬ ਦੀ ਅੰਤਰ-ਆਤਮਾ ਵਿਚ ਭਾਰਤੀ ਸੁਤੰਤਰਤਾ ਦਾ ਜਜ਼ਬਾ ਵੀ ਬੜੀ ਤੇਜ਼ੀ ਨਾਲ ਭੱਖਦਾ ਸੀ। ਕਾਮਾ ਗਾਟਾ ਮਾਰੂ ਜਹਾਜ਼ ਦੀ ਘਟਨਾ (੧੯੧੫) ਤੋਂ ਲੈ ਕੇ ਆਜ਼ਾਦੀ ਦੀ ਪ੍ਰਾਪਤੀ ਤਕ ਵੀ ਅੰਗਰੇਜ਼-ਵਿਰੋਧੀ ਲਹਿਰਾਂ ਪ੍ਰਚੰਡ ਹੋਈਆਂ, ਭਾਈ ਸਾਹਿਬ ਉਨ੍ਹਾਂ ਲਹਿਰਾਂ ਤੇ ਲਹਿਰਾਂ ਦੀਆਂ ਆਗੂ-ਜਿੰਨੀਆਂ ਸ਼ਖਸੀਅਤਾਂ ਨਾਲ ਪੂਰੀ ਤਰ੍ਹਾਂ ਜੁੜੇ ਰਹੇ।

ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਨਿਸਚੇ ਹੀ ਆਪਣੇ ਆਪ ਨੂੰ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਮਾਰਗ ਦਾ ਸੱਚਾ ਤੇ ਪੂਰਨ ਸਿੰਘ ਸਾਬਤ ਕੀਤਾ।

ਭਾਈ ਸਾਹਿਬ ਨੇ ਗੁਰਸਿਖ ਜੀਵਨ ਸਿਰਜਣ, ਅਖੰਡ ਕੀਰਤਨ ਦੀ ਲਹਿਰ ਨੂੰ ਉਭਾਰਨ ਤੇ ਗੁਰਮਤਿ ਅਨੁਭਵਾਂ ਤੇ ਰੰਗਾਂ ਨੂੰ ਸਾਹਿੱਤਕ ਢੰਗ ਨਾਲ ਪ੍ਰਗਟਾ ਕੇ, ਕੌਮ-ਉਸਾਰੀ ਦੇ ਖੇਤਰ ਵਿਚ ਜੋ ਯੋਗਦਾਨ ਪਾਇਆ ਹੈ, ਉਹ ਅਦੁੱਤੀ ਵੀ ਹੈ ਤੇ ਕੌਮੀ ਭਵਿਖ ਦੀ ਸਿਰਜਣਾ ਲਈ ਇਕ ਪ੍ਰੇਰਨਾ ਸ੍ਰੋਤ ਵੀ ਹੈ।

['ਭਾ: ਸਾ ਰਣਧੀਰ ਸਿੰਘ ਜੀਵਨ ਤੇ ਸਾਹਿਤ' ਵਿਚੋਂ

---

❁ ਅਜ ਪੰਥ ਵਿਚ ਮਾਸ ਸੇਵਨ ਵਿਰੁਧ ਲਹਿਰ ~~ਉਠ ਖੜੀ~~ ਹੈ।

ਫੈਸ਼ਨ ਨੇ ਜਿਥੇ ਬਾਕੀ ਸੰਸਾਰ ਨੂੰ ਪ੍ਰਭਾਵਤ ਕੀਤਾ ਹੈ ਓਥੇ ਸਿਖ ਪੰਥ ਵੀ ਇਸ ਦੇ ਪ੍ਰਭਾਵ ਤੋਂ ਨਹੀਂ ਬਚ ਸਕਿਆ। ਇਸ ਵਿਚ ਸਾਡੇ ਧਾਰਮਕ ਆਗੂਆਂ ਤੇ ਵੀ ਜ਼ਿਮੇਵਾਰੀ ਆਉਂਦੀ ਹੈ, ਜਿਨ੍ਹਾਂ ਨੇ ਪੁਰਾਤਨ ਅਤੇ ਪ੍ਰਮਾਣੀਕ ਕੇਸਕੀ-ਰਹਿਤ ਦਾ ਆਪ ਤਿਆਗ ਕੀਤਾ ਅਤੇ ਇਸ ਨੂੰ ਢਾਹ ਲਾਉਣ ਦੇ ਵੀ ਭਾਗੀ ਬਣੇ। ਭਾਈ ਸਾਹਿਬ ਜੀ ਨੇ ਪੁਰਾਤਨ ਕੇਸਕੀ-ਰਹਿਤ ਨੂੰ ਉਜਾਗਰ ਕਰ ਕੇ ਪ੍ਰਚਲਤ ਕੀਤਾ। ਕੌਮ ਨੂੰ ਅਜੇ ਵੀ ਇਸ ਦਾ ਅਹਿਸਾਸ ਨਹੀਂ ਜਾਗਿਆ। ਕੇਸਾਂ ਦੀ ਵਖ ਵਖ ਰੂਪਾਂ ਵਿਚ ਬੇਅਦਬੀ ਜ਼ੋਰਾਂ ਤੇ ਹੈ। ਜੇ ਅਜਿਹੀ ਮਾਰੂ ਰਵਸ਼ ਜਾਰੀ ਰਹੀ ਤਾਂ ਆਉਂਦੇ ਕੁਝ ਸਾਲਾਂ ਵਿਚ ਕੇਸਾਂ ਦਾ ਪਿਆਰ ਸਤਿਕਾਰ ਦਸਤਾਰ-ਧਾਰੀ ਸਿੰਘਾਂ ਸਿੰਘਣੀਆਂ ਤੋਂ ਸਿਵਾ ਕਿਸੇ ਦੇ ਪਲੇ ਨਹੀਂ ਰਵ੍ਹੇਗਾ। ਸਰਦਾਰੀ ਤਾਂ ਕੇਸਾਂ ਨਾਲ ਹੀ ਹੈ। ਕੇਸ ਨਾ ਰਹੇ ਤਾਂ ਸਰਦਾਰੀ ਤੋਂ ਹੱਥ ਧੋਣੇ ਪੈਣਗੇ।

ਆਪ ਜੀ ਦੀ ਘਾਲ ਕਮਾਈ ਸਦਕਾ, ਆਪ ਜੀ ਨੂੰ ਤਖ਼ਤ ਸਾਹਿਬਾਂ ਵਲੋਂ ਹੁਕਮਨਾਮੇ ਅਤੇ ਸਿਰੋਪਾ ਬਖ਼ਸ਼ਸ਼ ਹੋਏ ~~ਹਨ~~। ਕਈ ਇਤਿਹਾਸਕ ਗੁਰਧਾਮਾਂ ਦੀ ਨਵ-ਉਸਾਰੀ ਸੰਬੰਧੀ ਆਪ ਜੀ ਨੂੰ ਅਰੰਭਕ ਟੱਕ ਲਾਉਣ ਲਈ ਪੰਜ ਪਿਆਰਿਆਂ ਵਿਚ ਸ਼ਾਮਲ ਕੀਤਾ ਗਿਆ।

www.AKJ.Org

# ਕਰਨੀ ਤੇ ਕਮਾਈ ਦੇ ਸੂਰੇ ਭਾਈ ਸਾਹਿਬ

[ਗਿਆਨੀ ਗੁਰਦਿੱਤ ਸਿੰਘ ਜੀ]

ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਜੀਵਨ ਦਾ ਹਰ ਪਹਿਲੂ ਕਰਣੀ ਤੇ ਕਮਾਈ ਦੀ ਘਾਲਣਾ ਨਾਲ ਰੰਗਿਆ ਹੋਇਆ ਹੈ। ਉਹ ਅਦ੍ਰਿਸ਼ਟ ਦੁਨੀਆ ਦੇ ਦ੍ਰਿਸ਼ਾਂ ਨੂੰ ਮਾਨਣ ਵਾਲੇ ਮਹਾਨ ਸਾਧਕ ਸਨ। ਅਜਰ ਜਰਨ ਵਾਲੇ ਗੁਰਸਿਖ, ਗੁਰਮੁਖ, ਜ਼ੋਰਦਾਰ ਸਮਾਜ-ਸੁਧਾਰਕ ਅਤੇ ਜੁਝਾਰ ਕ੍ਰਾਂਤੀਕਾਰੀ ਯੋਧੇ। ਸਾਰਾ ਸਾਰਾ ਦਿਨ ਅਤੇ ਸਾਰੀ ਸਾਰੀ ਰਾਤ ਰਸ-ਮੁਗਧ ਹੋ ਕੇ ਕੀਰਤਨ ਵਿਚ ਬਿਤਾ ਦੇਣ ਵਾਲੇ, ਗੁਰਬਾਣੀ ਤੇ ਕੀਰਤਨ ਦੇ ਰਸੀਏ ਤੇ ਗੁਰੂ ਕੇ ਨਿਰਮਾਣ ਢਾਡੀ। ਅਜਿਹੇ ਗੁਣਾਂ, ਕਰਮਾਂ ਅਤੇ ਹੋਰ ਸਿਫ਼ਤਾਂ ਦੇ ਚੌਖਟੇ ਵਿਚ, ਉਨ੍ਹਾਂ ਦਾ ਸਮੁੱਚੇ ਤੌਰ ਤੇ ਜੋ ਸਰੂਪ ਸਾਖਿਆਤ ਹੁੰਦਾ ਹੈ, ਉਸ ਦੇ ਪ੍ਰਚੰਡ ਪ੍ਰਭਾਵ ਤੇਜਮਈ ਅਤੇ ਚਿਰੰਜੀਵ ਹਨ। ਉਨ੍ਹਾਂ ਦੇ ਜੀਵਨ ਕਣੀਆਂ ਦੀਆਂ ਪ੍ਰੇਰਨਾ ਭਰੀਆਂ ਕਿਰਨਾਂ ਦਾ ਪ੍ਰਭਾਵ ਸਮਕਾਲੀ ਸਮਾਜ ਉਤੇ ਤਾਂ ਪਿਆ ਹੀ, ਸਗੋਂ ਉਨ੍ਹਾਂ ਦੇ ਗੁਣਾਂ ਦੀ ਨੂਰੀ ਰੌਸ਼ਨੀ ਭਵਿਖ ਦੇ ਵਿਅਕਤੀਆਂ ਨੂੰ ਪ੍ਰਭਾਵਤ ਕਰਨ ਦੀ ਸਮਰਥਾ ਰਖਦੀ ਹੈ।

ਉਨ੍ਹਾਂ ਦੇ ਹਿਰਦੇ ਵਿਚ ਨਾਮ ਕਸਤੂਰੀ ਦੀ ਖਿੜੀ ਸੁਗੰਧੀ ਦੀ ਮਹਿਕ ਨੇ ਉਨ੍ਹਾਂ ਨੂੰ ਅੰਦਰੋਂ ਵੀ ਸਰਸ਼ਾਰ ਕੀਤਾ, ਆਸ ਪਾਸ ਵੀ ਛਹਿਬਰਾਂ ਲਾ ਦਿਤੀਆਂ। ਉਹ ਸੱਚੇ ਅਰਥਾਂ ਵਿਚ ਨਿਰਮਾਣ ਸਨ, ਛੋਟੇ ਛੋਟੇ ਵਿਅਕਤੀਆਂ ਨੂੰ, ਜਿਨ੍ਹਾਂ ਵਿਚ ਮੈਂ ਆਪਣੇ ਆਪ ਨੂੰ ਸ਼ਾਮਲ ਕਰਦਾ ਹਾਂ (ਜਦੋਂ ਮੇਰੇ ਦਾੜ੍ਹੀ ਵੀ ਨਹੀਂ ਸੀ ਆਈ ਅਤੇ ਉਹ ਬਜ਼ੁਰਗੀ ਤੇ ਪ੍ਰਸਿਧੀ ਦੀ ਸਿਖਰ ਉਤੇ ਸਨ) ਆਪਣੇ ਲਿਖੇ ਪੱਤਰਾਂ ਵਿਚ 'ਪਿਆਰੇ ਵੀਰ ਜੀ' ਦੇ ਮਿਠੇ ਸੰਬੋਧਨੀ ਸ਼ਬਦਾਂ ਰਾਹੀਂ ਨਿਵਾਜਦੇ ਸਨ ਤੇ ਹੇਠ ਲਿਖਿਆ ਹੁੰਦਾ ਸੀ 'ਦਾਸ' ਜਾਂ 'ਦਾਸਰਾ'।

ਭਾਈ ਸਾਹਿਬ ਜੀ ਨੇ ਜਿੰਨੀ ਆਤਮਕ ਘਾਲਣਾ ਘਾਲੀ, ਉਹ ਇਕ ਗੁਰਸਿਖ ਦੇ ਰੂਪ ਵਿਚ; ਜੋ ਪ੍ਰਾਪਤੀ ਕੀਤੀ, ਉਹ ਗੁਰਮਤਿ ਮਾਰਗ ਦੇ ਪੰਧਾਊ ਬਣ ਕੇ। ਆਪ ਜੀ ਦੀ ਜੀਵਨ-ਜੁਗਤ ਇਕ 'ਗੁਰਮੁਖ' ਗੁਰਸਿਖ ਵਾਲੀ ਸੀ। ਗੁਰਸਿਖੀ ਸਰੂਪ ਦੇ ਪ੍ਰਮਾਣੀਕ ਪ੍ਰਥਾ ਦੇ ਧਾਰਨੀ ਹੋ ਕੇ ਇਤਿਹਾਸ ਤੇ ਪਰੰਪਰਾ ਦੇ ਦਰਸਾਏ ਗੁਰਮਤਿ ਗਾਡੀ ਰਾਹ ਉਤੇ ਉਹ ਚਲੇ ਅਤੇ ਵਧ ਤੋਂ ਵਧ ਖਾਲਸਾ ਪੰਥ ਦੀ ਮਾਣ ਮਰਯਾਦਾ ਦੇ ਘੇਰੇ ਵਿਚ ਆਪਣੇ ਆਪ ਨੂੰ ਰਖਿਆ ਤੇ ਪੰਥਕ ਹੁਕਮਾਂ ਦੀ ਪਾਲਣਾ ਕੀਤੀ।

ਭਾਈ ਸਾਹਿਬ ਜੀ ਦਾ ਜੀਵਨ ਆਮ ਕਰਕੇ ਅੰਤਰਮੁਖੀ ਰਿਹਾ। ਉਹ ਆਪਣੇ ਅੰਦਰਲੇ ਦੈਵੀ ਗੁਣਾਂ ਦੇ ਹੁਸਨ ਨੂੰ ਦੇਖ ਕੇ ਵਿਗਸਦੇ ਰਹੇ। ਹਰ ਮੁਸੀਬਤ ਤੇ ਕਹਿਰਾਂ ਦੇ ਕਸ਼ਟਾਂ ਨੂੰ ਭਾਣਾ ਮਿੱਠਾ ਕਰਕੇ ਮੰਨਿਆ ਅਤੇ 'ਚਰਨ ਕਮਲ ਕੀ ਮਉਜ' ਵਿਚ ਆਪਣਾ ਆਪਾ ਸਮਰਪਣ ਕਰ ਕੇ ਮਸਤ ਰਹੇ। ਉਨ੍ਹਾਂ ਦੀ ਅੰਦਰਲੀ ਸੁਗੰਧੀ ਦਾ ਰੰਗ ਹਰ ਥਾਵੇਂ ਹਰ ਰੰਗ ਵਿਚ ਖਿੜਦਾ ਰਿਹਾ।

ਭਾਈ ਸਾਹਿਬ ਜੀ ਦੇ ਜੀਵਨ ਦਾ ਇਕ ਪਹਿਲੂ ਹਠੀਆਂ ਜਪੀਆਂ ਤਪੀਆਂ ਵਾਲੇ ਅਣਖੀਲੇ ਕਾਰਨਾਮਿਆਂ ਨਾਲ ਭਰਪੂਰ ਹੈ। ਜਾਪਦਾ ਹੈ ਉਨ੍ਹਾਂ ਸਿੱਖੀ ਮੰਡਲ ਵਿਚ ਪਰਵੇਸ਼ ਕਰਨ ਵੇਲੇ ਪ੍ਰੇਮ ਦੀ ਖੇਲ ਖੇਲਣ ਲਈ ਸਿਰ ਤਲੀ ਤੇ ਧਰ ਕੇ ਪਹਿਲਾਂ ਹੀ ਜੋਖ ਲਿਆ ਸੀ। ਆਪ ਇਕ ਰੱਜੇ ਪੁੱਜੇ ਘਰਾਣੇ ਦੇ ਮਲੂਕ ਤੇ ਲਾਡਲੇ ਨੌਨਿਹਾਲ ਸਨ, ਪਰ ਗੁਰਸਿਖੀ ਮਾਰਗ ਤੇ ਚਲਦਿਆਂ ਹੋਇਆਂ ਉਨ੍ਹਾਂ ਸੰਸਾਰਕ ਸੁਖਾਂ ਦੀ ਇੱਛਾ ਨਹੀਂ ਰਖੀ। ਸਾਰੀ ਆਯੂ ਸੰਘਰਸ਼ ਦੀ ਤਲਵਾਰ ਦੀ ਨੰਗੀ ਧਾਰ ਉਤੇ ਨਾਚ ਕੀਤਾ, ਗੁਰਮਤਿ ਅਸੂਲਾਂ ਦੀ ਪਾਲਣਾ ਤੇ ਗੌਡੀ ਕਰਦੇ ਰਹੇ। ਆਪ ਜੀ ਨੇ ਸਿੱਖੀ ਦਾ 'ਤੇਜ ਸਰੂਪ' ਤਕਿਆ ਤੇ ਉਹੋ ਧਾਰਨ ਕੀਤਾ ਸੀ। ਉਨ੍ਹਾਂ ਨੂੰ ਸਿੱਖੀ ਅਰਦਾਸ ਦੇ ਉਨ੍ਹਾਂ ਝਲਕਾਰਿਆਂ ਨੇ ਵਧੇਰੇ ਮੋਹਿਆ ਸੀ ਜਿਨ੍ਹਾਂ ਵਿਚ ਕਸ਼ਟ ਸਹਿ ਕੇ 'ਸੀ' ਤਕ ਨਾ ਕਰਨ ਦੇ ਸ਼ਬਦ ਦ੍ਰਿੜ੍ਹ ਸਨ।

ਉਹ ਅਜ਼ਾਦ ਜੀਵਨ ਜੀਉਣ ਦਾ ਚਾਉ ਰਖਦੇ ਸਨ। ਕਿਸੇ ਨੂੰ ਕੀ ਪਤਾ ਸੀ ਕਿ ਇਕ ਵਡੇ ਹਾਕਮ ਦਾ ਪੁਤਰ ਅਤੇ ਖ਼ੁਦ ਹਾਕਮੀ ਕਰਨ ਵਾਲਾ ਪੜ੍ਹਿਆ ਲਿਖਿਆ ਗਭਰੂ, ਇਕ ਦਿਨ ਸਾਥੀਆਂ ਸਮੇਤ ਹੱਥਕੜੀਆਂ ਤੇ ਪੈਰੀਂ ਬੇੜੀਆਂ "ਤੇਰਾ ਭਾਣਾ ਮੀਠਾ ਲਾਗੈ" ਦਾ ਗਾਉਣ ਸੁਣਦਾ, ਭਾਰਤ ਭਰ ਦੀਆਂ ਔਖੀਆਂ ਜੇਲ੍ਹਾਂ ਦੇ ਕੰਡਿਆਲੇ



www.AKJ.Org

ਤਸੀਹੇ ਭੋਗਦਾ ਹੋਇਆ ਕਈ ਜੇਲ੍ਹਾਂ ਦੇ ਦਰਵਾਜ਼ੇ ਪਾਰ ਕਰੇਗਾ ਤੇ ਕਈ ਕਾਲ-ਕੋਠੜੀਆਂ ਦਾ ਵਾਸੀ ਬਣੇਗਾ। ਉਨ੍ਹਾਂ ਨੇ ਆਪਣੀ ਉਮਰ ਦਾ ਸੁਨਹਿਰੀ ਭਾਗ ਬੰਦੀਵਾਨ ਦੇ ਰੂਪ ਵਿਚ ਬਿਤਾਇਆ। ਆਪ ਦੇ ਜੀਵਨ ਦਾ ਇਕ ਪੱਖ ਇਹ ਵੀ ਹੈ ਕਿ ਆਪ ਜੀ ਦੇ ਜੇਲ੍ਹ ਦੇ ਕਸ਼ਟਾਂ ਦੀਆਂ ਕਹਾਣੀਆਂ ਪੜ੍ਹ ਕੇ ਕਈ ਲੀਡਰਾਂ ਨੇ ਅਕਾਲੀ ਲਹਿਰ ਵੇਲੇ ਭਖਦੀ ਪ੍ਰੇਰਨਾ ਲਈ ਤੇ ਸੰਗਰਾਮੀਆਂ ਵਾਲਾ ਜੀਵਨ-ਮਾਰਗ ਚੁਣਿਆ।

ਪਹਿਲਾਂ ਤਾਂ ਅਜਿਹੇ ਸਰਕਾਰਪ੍ਰਸਤ ਘਰਾਣੇ ਵਿਚੋਂ ਇਸ ਭਾਂਤ ਦੀ ਫ਼ਰੰਗੀ-ਵਿਰੋਧੀ ਬਗ਼ਾਵਤ ਦੀ ਮਿਸ਼ਾਲ ਲੈ ਕੇ ਨਿਕਲਣਾ ਹੀ ਇਕ ਕਰਾਂਤੀ ਸੀ। ਫਿਰ ਜੋ ਕੁਝ ਕਰਨਾ ਮਾਂਡਿਆ ਤੇ ਕਰਨ ਲਈ ਅਮਲੀ ਫ਼ਰਜ਼ ਨਿਭਾਏ, ਫਲ-ਸਰੂਪ ੧੬ ਸਾਲ ਜੇਲ੍ਹਾਂ ਵਿਚ ਜਿਸ ਭਾਂਤ ਦੇ ਅਸਹਿ ਕਸ਼ਟ ਭੋਗੇ, ਇਸ ਪਿਛੇ ਉਨ੍ਹਾਂ ਦੇ ਚੁਣੇ ਹੋਏ ਸਿੱਖੀ ਮਾਰਗ ਦੇ ਮੰਤਵਾਂ ਵਾਲਾ ਉਚਾ ਆਦਰਸ਼ ਪੇਸ਼ ਕਰਨਾ ਹੋਰ ਸ਼ਾਨਦਾਰ ਕਰਤੱਵ ਦਿਸਦਾ ਹੈ, ਜ਼ਿਸ ਨਾਲ ਅਵੇਸਲੀ ਹੋਈ ਕੌਮੀ ਜ਼ਮੀਰ ਜਾਗੀ ਤੇ ਜ਼ੁਲਮ ਨਾਲ ਟੱਕਰ ਲੈ ਕੇ ਸ਼ਹੀਦੀਆਂ ਪਾਉਣ ਵਾਲਾ ਖ਼ੂਨ ਮੁੜ ਖਾਲਸਾ ਜੀ ਦੀਆਂ ਰਗਾਂ ਵਿਚ ਖੌਲਣ ਲਗਾ।

ਭਾਈ ਸਾਹਿਬ ਜੀ ਦੇਸ਼ ਦੀ ਗੁਲਾਮੀ ਦੇ ਸੰਗਲ ਤੋੜਨ ਵਾਲੇ ਇਕ ਕ੍ਰਾਂਤੀਕਾਰੀ ਸੰਗਰਾਮੀਏ ਸਨ। ਉਨ੍ਹਾਂ ਨੇ ਦੇਸ਼ ਦੀ ਗੁਲਾਮੀ ਦੂਰ ਕਰਨ ਲਈ ਜੋ ਕੀਤਾ, ਉਹ 'ਸ਼੍ਰੋਮਣੀ ਦੇਸ਼ ਭਗਤ' ਕਹਾਉਣ ਵਾਲਿਆਂ ਵਿਚੋਂ ਵੀ ਵਿਰਲਿਆਂ ਦੇ ਹਿੱਸੇ ਆਇਆ ਹੋਵੇਗਾ। ਉਨ੍ਹਾਂ ਅੰਗਰੇਜ਼ੀ ਰਾਜ ਵਿਰੁਧ ਯੁਗ-ਪਲਟਾਊ ਵਿਦਰੋਹ ਦੀ ਸਿਰਜਨਾ ਵਿਚ ਜਿਵੇਂ ਤੇ ਜਿਤਨਾ ਹਿਸਾ ਪਾਇਆ, ਅੱਜ ਅਸੀਂ ਨਾ ਉਹ ਦੇਖ ਸਕਦੇ ਹਾਂ, ਨਾ ਉਸ ਦਾ ਮੂਲਾਂਕਣ ਕਰ ਸਕਦੇ ਹਾਂ। ਉਨ੍ਹਾਂ ਦਾ ਵਿਦਰੋਹ ਕੁਝ ਠੰਢੇ ਮਿਠੇ ਭਾਸ਼ਣਾਂ ਅਤੇ ਸਤਿਆਗ੍ਰਹੀ ਢੰਗ ਦੇ ਭਿੰਨੇ ਭਿੰਨੇ ਸ਼ਾਂਤਮਈ ਰੋਸ ਵਾਲਾ ਨਹੀਂ ਸੀ, 'ਕੁਝ ਕਰੋ ਤੇ ਮਰੋ' ਦੀ ਨੀਤੀ ਵਾਲਾ ਸੀ, ਜਿਸ ਵਿਚ ਕੁਝ ਕਰ ਗੁਜ਼ਰਨ ਨਾਲੋਂ ਮਰਨਾ ਵਧੇਰੇ ਪਰਤੱਖ ਦਿਸਦਾ ਸੀ। ਇਸ ਵਿਦਰੋਹ ਵਿਚ ਆਪ ਜੀ ਦੀ ਸ਼ਮੂਲੀਅਤ ਨੇ ਉਦੋਂ ਅਤੇ ਪਿਛੋਂ ਚਲੀ ਲਹਿਰ ਵਿਚ ਅਨੇਕਾਂ ਧਰਮੀ ਲੋਕਾਂ ਨੂੰ ਪ੍ਰੇਰਨਾ ਤੇ ਬਲ ਦਿਤਾ।

ਆਪ ਦੇ ਅੰਦਰ ਅੰਗਰੇਜ਼ੀ ਰਾਜ ਦੀ ਗ਼ੁਲਾਮੀ ਤੇ ਭਾਰਤੀਆਂ ਬਾਰੇ ਫ਼ਰੰਗੀਆਂ ਦੀਆਂ ਜ਼ਲੀਲਕੁਨ ਹਰਕਤਾਂ ਦੇ ਵਿਰੁਧ ਧੁਖ ਰਹੀ ਜਵਾਲਾ ਉਤੇ ਉਦੋਂ ਅਚਾਨਕ ਤੇਲ ਆ ਪਿਆ ਜਦੋਂ ਦਿਲੀ ਦੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹੀ ਗਈ। ਉਦੋਂ ਹੀ ਆਪ ਨੇ ਇਕ ਸ਼ਹੀਦੀ ਜਥੇ ਦੀ ਸਿਰਜਣਾ ਕੀਤੀ। ਉਸ ਵੇਲੇ ਇਹ ਧੁਖਦੀ ਅੱਗ ਭਾਂਬੜ ਬਣ ਮਚੀ, ਜਦੋਂ ਬੱਜਬੱਜ ਘਾਟ ਉਪਰ ਪੁਜੇ ਕਾਮਾ ਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਨੂੰ ਗੋਲੀਆਂ ਨਾਲ ਭੁੰਨਿਆ ਗਿਆ।

ਸਿੱਖ ਰਾਜ ਵੇਲੇ ਸਿੱਖੀ ਦੇ ਨਿਰਾਲੇ ਤੇ ਵਿਲੱਖਣ ਸਰੂਪ ਦਾ ਪ੍ਰਯੋਜਨ ਅਖੋਂ ਓਝਲ ਹੀ ਰਿਹਾ। ਰਾਜ ਦੇ ਮੁਖੀਆਂ ਨੇ 'ਹਰਮਨ ਪਿਆਰੇ' ਹੋਣ ਲਈ ਹਰ ਦੇਵੀ ਦੇਵਤੇ ਦੀ ਪੂਜਾ ਪ੍ਰਤਿਸ਼ਟਾ ਕਰਨੀ ਜ਼ਰੂਰੀ ਸਮਝੀ। ਵਡੇ ਵਡੇ ਗੁਰਦੁਆਰਿਆਂ ਉਤੇ ਤਿਥਾਂ ਤਿਉਹਾਰਾਂ ਨੂੰ ਮੇਲੇ ਲਗਣ ਦੀਆਂ ਰੀਤਾਂ ਪ੍ਰਚਲਤ ਹੋਈਆਂ। ਇਨ੍ਹਾਂ ਮੇਲਿਆਂ ਵਿਚ ਪੁਜਣ ਵਾਲੇ ਲੋਕ ਓਸੇ ਤਰ੍ਹਾਂ ਦੇ ਰੰਗ ਬੰਨ੍ਹਦੇ ਸੀ ਜਿਸ ਤਰ੍ਹਾਂ ਦੇ ਹੋਰ ਮੇਲਿਆਂ ਵਿਚ ਮੁਸ਼ਟੰਡੇ ਖਰੂਦ ਕਰਦੇ ਹੁੰਦੇ। ਉਹੋ ਜਿਹਾ ਧੰਦਾ ਗੁਰਧਾਮਾਂ ਉਤੇ ਜਾਰੀ ਹੋ ਗਿਆ। ਸ਼ਰਾਬ ਦੀ ਖੁਲ੍ਹੀ ਵਰਤੋਂ, ਗਨਕਾ ਦੇ ਨਾਚ ਤੇ ਉਨ੍ਹਾਂ ਦੇ ਬਜ਼ਾਰ, ਨਚਾਰਾਂ ਦੇ ਜਲਸੇ, ਪੁਜਾਰੀਆਂ ਦੀਆਂ ਮਨ-ਮਾਨੀਆਂ, ਆਮਦਨ ਵਧਾਉਣ ਲਈ 'ਮੀਨਾ ਬਜ਼ਾਰ' ਲਗਾਉਣ ਦੀਆਂ ਖੁਲ੍ਹਾਂ ਦੇਣੀਆਂ, ਪਰਕਰਮਾਂ ਵਿਚ ਇਸ ਤਰ੍ਹਾਂ ਦੀਆਂ ਸਭ ਕੁਰੀਤੀਆਂ ਗੁਰਧਾਮਾਂ ਨਾਲ ਸੰਬੰਧਤ ਮੇਲਿਆਂ ਦਾ ਇਕ ਤਰ੍ਹਾਂ ਭਾਗ ਬਣ ਗਈਆਂ ਸਨ।

ਭਾਈ ਸਾਹਿਬ ਜੀ ਨੇ ਉਸ ਸਮੇਂ ਜ਼ਮਾਨੇ ਦੀ ਵੰਗਾਰ ਸੁਣੀ ਤੇ ਗੁਰਧਾਮਾਂ ਦੇ ਸੁਧਾਰ ਦੀ ਰਾਹ ਚੁਣੀ। ਉਨ੍ਹਾਂ ਦੇ ਸਾਹਮਣੇ ਆਦਰਸ਼ ਸੀ ਗੁਰੂ ਗੋਬਿੰਦ ਸਿੰਘ ਜੀ ਦਾ—

ਜਾਹਿ ਤਹਾ ਤੈ ਧਰਮੁ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ ॥ ੨੯ ॥[ਬਚਿਤ੍ਰ ਨਾਟਕ, ਅਧਿਆਇ ੬

ਕਬੁਧ ਦੇ ਵਿਰੁਧ ਉਨ੍ਹਾਂ ਯੁਧ ਛੇੜ ਦਿਤਾ। ਆਪਣੇ ਚਕਰਾਂ, ਕੜਿਆਂ ਤੇ ਸਫ਼ਾਜੰਗਾਂ ਵਾਲੇ ਸਾਥੀਆਂ



www.AKJ.Org

ਸਮੇਤ ਅਨੰਦਪੁਰ ਤੋਂ ਝਾਂਬਾ ਫੇਰ ਕੇ ਪਹਿਲਾ ਸੁਧਾਰ ਅਰੰਭਿਆ । ਫਿਰ ਜਿਥੇ ਗਏ, ਦਬੜੂਆਂ ਘੁਸੜੂਆਂ ਤੇ ਚੋਰਾਸੀ ਨੂੰ ਦਬੱਲ ਚਾੜ੍ਹਨੀ ਸ਼ੁਰੂ ਕਰ ਦਿਤੀ ਅਤੇ ਮੁਸ਼ਟੰਡੇ, ਵੇਹਲੜ ਤੇ ਤਮਾਸ਼ਬੀਨ ਦੁੰਮ ਦਬਾ ਕੇ ਨਸਣ ਲਗੇ ।

ਚਮਕੌਰ ਸਾਹਿਬ, ਦਮਦਮਾ ਸਾਹਿਬ,ਫਤਹਗੜ੍ਹ ਸਾਹਿਬ ਅਤੇ ਅੰਮ੍ਰਿਤਸਰ ਵਿਚ ਹੋਏ ਕੜਾਕੇਦਾਰ ਕੜਾਕਿਆਂ ਪਿਛੋਂ ਲੋਕਾਂ ਅੰਦਰ ਦਹਿਸ਼ਤ ਫੈਲ ਗਈ । 'ਟਕੂਆਂ ਵਾਲਿਆਂ ਦਾ ਜਥਾ ਆ ਗਿਆ ਵਈ' ਦਾ ਲਲਕਾਰਵਾਂ ਬੋਲ ਕਿਸੇ ਬੋਲਣਾ ਤਾਂ ਗਨਕਾ ਦੇ ਅਖਾੜਿਆਂ, ਨਚਾਰਾਂ ਤੇ ਜਲਸਿਆਂ ਵਾਲਿਆਂ ਵਿਚ ਭਾਜੜਾਂ ਪੈ ਜਾਣੀਆਂ ।

ਭਾਈ ਸਾਹਿਬ ਨੇ ਜੋ ਕਾਜ ਅਰੰਭਿਆ ਤੇ ਸਿਰੇ ਚੜ੍ਹਾਇਆ, ਇਸ ਪਿਛੇ ਗੁਰੂ-ਪ੍ਰੇਰਨਾ ਤੇ ਉਨ੍ਹਾਂ ਦਾ ਮਿਹਰ ਭਰਿਆ ਹੱਥ ਅਦਿੱਖ ਤੌਰ ਤੇ ਅਵੱਸ਼ ਸੀ । ਅਸਲ ਵਿਚ ਉਨ੍ਹਾਂ ਦੇ ਸਾਹਮਣੇ ਕੋਈ ਟੀਚਾ ਸੀ, ਜਿਸ ਵਲ ਉਹ ਵਧਦੇ ਰਹੇ ।

ਭਾਈ ਸਾਹਿਬ ਜੀ ਨੇ ਇਕ ਫ਼ਕੀਰ ਦਾ ਜੀਵਨ ਜੀਵਿਆ । ਆਪ ਜੀ ਕ੍ਰਾਂਤੀਕਾਰੀ ਲਹਿਰ ਦੇ ਉਸਰਈਆਂ ਦੀ ਪਹਿਲੀ ਕਤਾਰ ਵਿਚ ਖੜੇ ਹੋ ਕੇ ਲੜੇ, ਸਮਾਜ-ਸੁਧਾਰਕ ਦੇ ਤੌਰ ਤੇ ਆਪਣੀ ਛਾਪ ਸਿਖ ਸੰਸਾਰ, ਵਿਸ਼ੇਸ਼ ਕਰਕੇ ਇਸ ਵਰਗ ਤੇ ਗਹਿਰੀ ਤਰ੍ਹਾਂ ਦੀ ਲਾਈ, ਸੈਂਕੜੇ ਹਜ਼ਾਰਾਂ ਜੀਉੜਿਆਂ ਨੂੰ ਪ੍ਰਭਾਵਤ ਕੀਤਾ । ਜੇਲ੍ਹਾਂ ਦੇ ਕਸ਼ਟ ਝਲੇ । ਜਾਇਦਾਦ ਮੁਲਕ ਦੇ ਆਜ਼ਾਦ ਹੋਣ ਪਿਛੋਂ ਤਕ ਵੀ ਜ਼ਬਤ ਰਹੀ । ਆਪਣੇ ਜੀਵਨ ਵਿਚ ਸਰਕਾਰ ਵਲੋਂ ਕਿਸੇ ਕਿਸਮ ਦੇ ਇਵਜ਼ਾਨੇ ਦੀ ਇੱਛਾ ਤਕ ਨਾ ਕੀਤੀ ।

ਉਨ੍ਹਾਂ ਦੇ ਸਰੀਰ ਨੇ ਜੋ ਕਾਰਜ ਕੀਤਾ, ਉਹ ਬਹੁ-ਪੱਖੀ ਤੇ ਪ੍ਰਭਾਵੀ ਹੈ । ਉਸ ਦੇ ਕਈ ਰੂਪ ਹਨ । ਪਰ ਮੂਲ ਰੂਪ ਵਿਚ ਉਸ ਦਾ ਧੁਰਾ 'ਪਰਉਪਕਾਰ' ਤੇ 'ਸੇਵਾ' ਰਿਹਾ । ਆਪ ਜੀ ਗੁਰੂ ਦੇ ਮੇਹਰ ਦੇ ਪਾਤਰ ਬਣੇ । ਗੁਰੂ ਪੰਥ ਦੀ ਅਨਿੰਨ ਸੇਵਾ ਕੀਤੀ । ਖ਼ਾਲਸਾ ਪੰਥ ਵਲੋਂ ਕਈ ਸਮਿਆਂ ਉਪਰ ਪ੍ਰਗਾੜ ਪ੍ਰਸ਼ੰਸਾ ਆਪ ਨੂੰ ਪ੍ਰਾਪਤ ਹੋਈ । ਤਖ਼ਤ ਸਾਹਿਬਾਨ ਤੋਂ, ਬਿਨਾਂ ਕਿਸੇ ਤਰ੍ਹਾਂ ਦੇ ਪ੍ਰਬੰਧਕੀ ਪ੍ਰਭਾਵ ਦੇ, ਆਪ ਨੂੰ ਹੁਕਮਨਾਮੇ ਬਖ਼ਸ਼ੀਸ਼ ਹੋਏ ।

ਸਿੰਘ ਸਭਾ ਲਹਿਰ ਨੂੰ ਗੁਰਦੁਆਰਾ ਸੁਧਾਰ ਲਹਿਰ ਦੀ ਪੁਠ ਦੇ ਕੇ ਗੁਰਦੁਆਰਾ ਲਹਿਰ ਦੀ ਗਰਮ-ਜੋਸ਼ੀ ਵਾਲੀਆਂ ਸਿਖਰਾਂ ਤਕ ਪਹੁੰਚਾਉਣ ਵਿਚ ਆਪ ਦੀ ਸੇਵਾ ਹੋਰ ਮਹਾਨ ਹੈ । ਪਰ ਖਾਲਸਾ ਪੰਥ ਵਲੋਂ ਵੀ ਇਸ ਕਿਸਮ ਦਾ ਸਨਮਾਨ ਫ਼ੀ-ਜ਼ਮਾਨਾ ਕਿਸੇ ਹੋਰ ਵਿਅਕਤੀ ਦੇ ਸ਼ਾਇਦ ਹੀ ਹਿੱਸੇ ਆਇਆ ਹੋਵੇ । ਨਿਰਸੰਦੇਹ ਆਪ ਜੀ ਨੇ ਵੀ ਖਾਲਸਾ ਪੰਥ ਦੀ ਇਤਿਹਾਸਕ ਸੇਵਾ ਕੀਤੀ, ਸਿੱਖੀ ਸਿਦਕ ਦੀਆਂ ਔਖੀਆਂ ਮੰਜ਼ਲਾਂ ਪਾਰ ਕੀਤੀਆਂ, ਸਿੱਖੀ ਅਸੂਲਾਂ ਨੂੰ ਜਾਨ ਹੂਲ ਕੇ ਚਮਕਾਇਆ । ਖਾਲਸਾ ਪੰਥ ਨੇ ਵੀ ਆਪਣੇ ਸੇਵਕ ਨੂੰ ਸੱਚੇ ਦਿਲੋਂ ਸਤਿਕਾਰ ਬਖ਼ਸ਼ਣ ਲਈ ਬਖਸ਼ਸ਼ ਦੇ ਭੰਡਾਰ ਖੋਲ੍ਹੀ ਰਖੇ । ["ਜੀਵਨ ਝਲਕਾਂ ਭਾ: ਸਾ: ਰਣਧੀਰ ਸਿੰਘ ਜੀ" ਟ੍ਰੈਕਟ ਚੋਂ


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ ੭-੦੦, | ੪-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭਾ: ਸ: ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀਪਾਰਸ ਕਲਾ (ਭਾ:ਸਾਹਿਬ ਕ੍ਰਿਤ) | ੦-੮੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | ੦-੫੦ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੦-੯੦ |

ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ ਵਲੋਂ ਭਾਈ ਰਾਮ ਸਿੰਘ ਜੀ ੧-੦੦

ਗੁਰਬਾਣੀ ਰਹਿਤਨਾਮਾ ਸੰਗ੍ਰਹਿ ਕਰਤਾ—ਭਾਈ ਰਾਮ ਸਿੰਘ ਜੀ ੦-੫੦

ਸਿਖ ਇਕ ਵੱਖਰੀ ਕੌਮ (ਪੁਸਤਕ ਰੂਪ ਵਿਚ, ਜਿਸ ਵਿਚ ੧੬ ਖੋਜ-ਭਰੇ ਲੇਖ ਸ਼ਾਮਲ ਹਨ) ੬-੦੦

ਰਾਗਮਾਲਾ ਬਾਰੇ ਵਿਚਾਰ (ਪੰਥ ਦੇ ਉਘੇ ੬ ਵਿਦਵਾਨਾਂ ਦੇ ਖੋਜ-ਭਰਪੂਰ ਲੇਖ) ੧-੦੦




www.AKJ.Org

# ਗੁਰਮੱਤੀ ਕਦਰਾਂ

[ਪ੍ਰੋਫੈਸਰ ਗੁਰਮੁਖ ਸਿੰਘ ਜੀ]

**ਦੁਨੀਆ ਦਾ ਹਰ ਮਜ਼ਹਬ ਆਪੋ ਆਪਣੇ ਪੈਰੋਕਾਰਾਂ ਲਈ ਕੁਝ ਕਦਰਾਂ ਤੇ ਮਿਆਰ ਨਿਰਧਾਰਤ ਕਰਦਾ ਹੈ। ਸਤਿਗੁਰੂ ਸਾਹਿਬਾਨ ਨੇ ਭੀ ਪਾਵਨ ਬਾਣੀ ਰਾਹੀਂ ਕੁਝ ਮਿਆਰ ਨਿਸਚਿਤ ਕੀਤੇ ਹਨ, ਜਿਸ ਦੀ ਸੇਧ ਵਿਚ ਸਿਖ ਨੂੰ ਜੀਵਨ ਜੀਉਣ ਲਈ ਹੁਕਮ ਕੀਤਾ ਗਿਆ ਹੈ। ਲੇਖਕ ਇਸ ਲੇਖ ਰਾਹੀਂ ਗੁਰਮੱਤੀ ਕਦਰਾਂ ਸੰਬੰਧੀ ਇਕ ਲੇਖ-ਲੜੀ ਅਰੰਭ ਕਰ ਰਿਹਾ ਹੈ, ਜੋ ਪਾਠਕਾਂ ਦੀ ਭੇਟ ਹੈ। –ਸੰਪਾਦਕ**

ਹਰ ਮਜ਼ਹਬ ਆਪੋ ਆਪਣੇ ਪੈਰੋਕਾਰਾਂ ਲਈ ਕੁਝ ਨ ਕੁਝ ਕਦਰਾਂ ਨਿਸਚਿਤ ਕਰਦਾ ਹੈ ਕਿ ਅਮਕਾ ਕੰਮ ਕਰੋ, ਉਹ ਨ ਕਰੋ। ਅੰਗਰੇਜ਼ੀ ਵਿਚ ਇਸ ਨੂੰ ਡੂਜ਼ ਤੇ ਡੋਂਟਸ ਕਹਿੰਦੇ ਹਨ। ਬੁਧ ਧਰਮ ਦਾ ਅਸ਼ਟਾਂਕ ਮਾਰਗ ਸਦਾਚਾਰ ਦੀਆਂ ਕਦਰਾਂ ਦਾ ਪਰਤੀਕ ਹੈ। ਜੈਨੀਆਂ ਦਾ ਵਰਤ-ਵਿਹਾਰ ਅਹਿੰਸਾ ਤੋਂ ਉਪਜਿਆ ਮੰਨਿਆ ਜਾਂਦਾ ਹੈ। ਇਸਲਾਮੀ ਸ਼ਰ੍ਹਾ-ਸ਼ਰੀਅਤ ਨੇ ਭੀ ਮੁਸਲਮਾਨਾਂ ਲਈ ਕੁਝ ਕਦਰਾਂ ਕੀਮਤਾਂ ਮਿਥੀਆਂ ਹਨ। ਵੇਦਾਂ ਵਿਚ ਵੀ ਕਿਸੇ ਸੁਖ ਸਮਾਜ ਉਸਾਰਨ ਲਈ ਕਦਰਾਂ ਕੀਮਤਾਂ ਨੂੰ ਸਲੋਕਾਂ ਵਿਚ ਕਾਨੀਬੰਦ ਕੀਤਾ ਹੋਇਆ ਹੈ। ਪੂਜਾ ਕਿਸ ਦੀ ਕਰਨੀ ਹੈ, ਕਦੋਂ ਕਰਨੀ ਹੈ, ਕਿਵੇਂ ਕਰਨੀ ਹੈ, ਕਿਸ ਨੇ ਕਰਵਾਉਣੀ ਹੈ, ਇਹੋ ਜਿਹੇ ਵਿੱਧੀ ਵਿਧਾਨ ਭੀ ਦਰਜ ਹਨ ਤਾਂਕਿ ਪਰੰਪਰਾ ਲਿਖਤੀ ਰੂਪ ਵਿਚ ਅਗੇ ਤੁਰਦੀ ਰਹੇ।

ਸਤਿਗੁਰੂ ਸਾਹਿਬਾਨ ਨੂੰ ਇਸਲਾਮੀ ਅਤੇ ਹਿੰਦੂ ਸੰਪ੍ਰਦਾਏ ਦੇ ਭਿੰਨ ਭਿੰਨ ਮਤਾਂ, ਜੈਨੀ, ਬੋਧੀ, ਸਨਾਤਨ ਧਰਮੀ, ਅਤੇ ਜੋਗ ਮੱਤ ਦੇ ਧਾਰਨੀਆਂ ਦੀਆਂ ਕਦਰਾਂ ਕੀਮਤਾਂ ਨੂੰ ਵੇਖ ਕੇ ਉਹਨਾਂ ਨੇ ਇਹ ਅਨੁਭਵ ਕਰ ਲਿਆ ਸੀ ਕਿ ਇਹਨਾਂ ਕਦਰਾਂ ਦੇ ਫੋਕੇ ਜਾਲ ਵਿਚ ਧਰਮ ਦੇ ਇਹਨਾਂ ਆਗੂਆਂ ਨੇ ਜਨਤਾ ਨੂੰ ਐਸਾ ਬੁਰੀ ਤਰ੍ਹਾਂ ਉਲਝਾਇਆ ਹੋਇਆ ਹੈ ਕਿ ਉਹਨਾਂ ਨੂੰ ਇਸ ਤੋਂ ਬਾਹਰ ਧਿਆਨ ਹੀ ਨਹੀਂ ਜਾਂਦਾ। ਭਾਈ ਗੁਰਦਾਸ ਜੀ ਨੇ ਠੀਕ ਹੀ ਤਾਂ ਕਿਹਾ ਹੈ– ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ ॥੨੧॥ (੧)

ਗੁਰਮਤੀ ਕਦਰਾਂ ਨੂੰ ਦੂਜੇ ਮਤਾਂ ਦੀਆਂ ਕਦਰਾਂ ਦੇ ਸੰਦਰਭ ਵਿਚ ਦੋ ਗੱਲਾਂ ਨੂੰ ਮੁਖ ਤੌਰ ਤੇ ਵਿਚਾਰਨਾ ਜ਼ਰੂਰੀ ਹੈ–

(ੳ) ਗੁਰਮੱਤੀ ਕਦਰਾਂ ਦਾ ਸੋਮਾ

(ਅ) ਗੁਰਮੱਤੀ ਕਦਰਾਂ ਦਾ ਮਨੋਰਥ

ਹਿੰਦੂ ਧਰਮ ਦੇ ਅੰਤਰਗਤ ਆਉਣ ਵਾਲੇ ਸਮੂਹ ਮੱਤਾਂ ਅਤੇ ਸਿਆਮੀ ਮੱਤਾਂ ਦੀਆਂ ਕਦਰਾਂ ਕੀਮਤਾਂ ਦਾ ਸੋਮਾ ਉਹਨਾਂ ਮੱਤਾਂ ਦੇ ਆਗੂ ਹੀ ਸਨ। ਜੈਨ ਤੇ ਬੁਧ ਧਰਮ ਰੱਬ ਦੀ ਹੋਂਦ ਤੋਂ ਮੁਨਕਰ ਹਨ। ਉਹਨਾਂ ਦਾ ਸਾਰਾ ਜ਼ੋਰ ਸਦਾਚਾਰ ਤੇ ਹੈ, ਇਸ ਲਈ ਇਹਨਾਂ ਦੀਆਂ ਕਦਰਾਂ ਸਦਾਚਾਰ ਦੀ ਪੱਧਰ ਤੋਂ ਉਪਰ ਨਹੀਂ ਉਠਦੀਆਂ। ਇਹਨਾਂ ਦੇ ਕਦਰਾਂ ਦਾ ਮਨੋਰਥ ਇਕ ਸਾਊ ਮਨੁਖ ਬਨਾਉਣਾ ਹੈ, ਜੋ ਕਿਸੇ ਜੀਵ ਨੂੰ ਦੁਖ ਨ ਦੇਵੇ, ਸਤਿ ਦਾ ਧਾਰਨੀ ਹੋਵੇ ਤੇ ਸਤੋਗੁਣੀ ਹੋਵੇ। ਫਿਰ, ਵੇਦਾਂਤੀ ਮੱਤ ਵਿਚ ਬਹੁਦੇਵੀ ਪੂਜਾ ਹਰ ਪ੍ਰਾਣੀ ਦੇ ਨਿੱਜੀ ਸੁਖ ਨਾਲ ਜੁੜੀ ਹੋਈ ਹੈ। ਇਸ ਲਈ ਇਹਨਾਂ ਦੀਆਂ ਕਦਰਾਂ ਦਾ ਮਨੋਰਥ ਦੇਵੀ ਦੇਵਤਿਆਂ ਨੂੰ ਪਰਸੰਨ ਰਖਣਾ ਤੇ ਆਪਣਾ ਨਿੱਜੀ ਸੁਖ ਆਰਾਮ ਪ੍ਰਾਪਤ ਕਰਨਾ ਹੀ ਹੈ।

ਵੇਦਾਂਤੀ ਕਦਰਾਂ ਦਾ ਸੋਮਾ ਕੀ ਹੈ ? ਇਸ ਬਾਰੇ ਕੋਈ ਭੀ ਪੱਕੇ ਤੌਰ ਤੇ ਨਹੀਂ ਕਹਿ ਸਕਦਾ ਕਿ ਵੇਦ ਕਿਸ ਨੇ ਉਚਾਰੇ। ਬ੍ਰਹਮਾ ਦੇ ਨਾਂ ਨਾਲ ਜ਼ਰੂਰ ਇਹਨਾਂ ਨੂੰ ਜੋੜਿਆ ਗਿਆ ਹੈ, ਪਰ ਦਸਿਆ ਇਹੋ ਜਾਂਦਾ ਹੈ ਕਿ ਪੁਰਾਤਨ ਭਾਰਤ ਦੇ ਰਿਸ਼ੀਆਂ ਮੁਨੀਆਂ ਨੇ ਇਹ ਵੇਦ ਉਚਾਰੇ ਤੇ ਮਿਆਰ ਕਾਇਮ ਕੀਤੇ। ਮਨੂੰ ਜੀ ਨੇ ਭੀ ਸਤਵੀਂ ਸ਼ਤਾਬਦੀ



www.AKJ.Org

ਵਿਚ ਕੁਝ ਕਦਰਾਂ ਨਿਰਧਾਰਤ ਕੀਤੀਆਂ, ਜਿਨ੍ਹਾਂ ਦਾ ਮਨੋਰਥ ਇਕ ਤਰ੍ਹਾਂ ਦੇ ਸਾਊ ਤੇ ਸੁਖ ਵਸਦੇ ਸਮਾਜ ਦੀ ਸਿਰਜਣਾ ਕਰਨਾ ਸੀ। ਨਤੀਜਾ ਸਾਹਮਣੇ ਹੈ ਕਿ ਹਿੰਦੂ ਸਮਾਜ ਵਿਚ ਜ਼ਾਤਪਾਤ ਦੀਆਂ ਖੂਬ ਵੰਡੀਆਂ ਪਈਆਂ ਹੋਈਆਂ ਹਨ।

ਇਹਨਾਂ ਉਪਰੋਕਤ ਕਦਰਾਂ ਦੇ ਡੂੰਘੇ ਅਧਿਐਨ ਤੋਂ ਭਾਈ ਗੁਰਦਾਸ ਜੀ ਦੀ ਟਿਪਣੀ ਬੜੀ ਵੱਡਮੁਲੀ ਲਗਦੀ ਹੈ, ਸੱਚ ਤਾਂ ਇਹਨਾਂ ਕਿਨਾਰੇ ਹੀ ਲਾਇਆ ਹੋਇਆ ਹੈ। ਅਸਲ ਲੜਾਈ ਤਾਂ ਇਸਲਾਮੀ ਤੇ ਭਾਰਤੀ ਕਦਰਾਂ ਵਿਚਾਲੇ ਸੀ। ਭਾਰਤੀ ਧਰਮਾਂ ਵਿਚ ਪੈਰ ਪੈਰ ਤੇ ਵਹਿਮ ਭਰਮ ਅਤੇ ਉਸੇ ਅਨੁਸਾਰ ਵੰਨ ਸੁਵੰਨੇ ਰੀਤੀ ਰਿਵਾਜ ਪ੍ਰਚਲਤ ਸਨ, ਜਿਨ੍ਹਾਂ ਦਾ ਬਹੁਤਾ ਮਨੋਰਥ ਹਿੰਦੂ ਦਾ ਬਾਹਰਮੁਖੀ ਪਾਜ ਬਣਾਈ ਰਖਣਾ ਸੀ। ਉਹ ਅੰਦਰੋਂ ਪ੍ਰਭੂ ਪ੍ਰੇਮ ਤੋਂ ਸਖਣੇ ਹੋਣ ਕਰਕੇ ਖੋਖਲੇ ਸਨ।

ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥ ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥੧॥

(ਸੂਹੀ ਮ: ੫–ਪੰਨਾ ੭੬੧)

ਇਸਲਾਮੀ ਮੱਤ ਦੇ ਧਾਰਨੀ ਭੀ ਸ਼ਰ੍ਹਾ ਦੀ ਕੈਦ ਵਿਚ ਪੰਜੇ ਵਕਤਾਂ ਦੇ ਨਿਮਾਜ਼ੀ ਤਾਂ ਸਨ, ਪਰ ਉਹ ਰੱਬ ਨੂੰ ਸਤਵੇਂ ਆਕਾਸ਼ ਦਾ ਵਾਸੀ (ਕੈਦੀ) ਮੰਨਦੇ ਸਨ, ਜਿਸ ਨੇ ਕੇਵਲ ਕਿਆਮਤ ਦੇ ਦਿਨ ਹੀ ਇਨਸਾਫ਼ ਦੀ ਕੁਰਸੀ ਤੇ ਬੈਠ ਕੇ ਸਜ਼ਾਵਾਂ ਸੁਨਾਣੀਆਂ ਹਨ। ਰੱਬ ਨੂੰ ਸਭ ਵਿਚ ਰਵਿਆ ਨਾ ਉਹਨਾਂ ਦੇ ਪੈਗੰਬਰ ਨੇ ਮੰਨਿਆ ਹੈ, ਨਾ ਹੀ ਉਹਨਾਂ ਦੀਆਂ ਕਦਰਾਂ ਕੀਮਤਾਂ ਦੀ ਇਹ ਸਚਾਈ ਆਧਾਰ ਬਣ ਸਕੀ ਹੈ।

ਗੁਰਮੱਤੀ ਕਦਰਾਂ ਦਾ ਸੋਮਾ ਕੀ ਹੈ? ਗੁਰਬਾਣੀ ਵਿਚੋਂ ਸੇਧ ਮਿਲਦੀ ਹੈ ਕਿ ਗੁਰਮੱਤੀ ਕਦਰਾਂ ਦਾ ਸੋਮਾ ਅਕਾਲ ਪੁਰਖ ਆਪ ਹੈ। ਸਮੁਚੀ ਬਾਣੀ ਧੁਰ ਤੋਂ ਸਤਿਗੁਰੂ ਸਾਹਿਬਾਨ ਦੇ ਹਿਰਦੇ ਵਿਚ ਉਤਰੀ ਤੇ ਫਿਰ ਗੁਰਬਾਣੀ ਦੇ ਰੂਪ ਵਿਚ ਪਰਗਟ ਹੋਈ। ਇਉਂ ਇਹ ਬਾਣੀ ਧੁਰ ਕੀ ਬਾਣੀ ਦੇ ਨਾਲ ਨਾਲ ਗੁਰਬਾਣੀ ਭੀ ਹੈ।

ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥੨॥੧੩॥੭੭॥

(ਸੋਰਠਿ ਮ: ੫–੬੨੮)

ਸੋ, ਗੁਰਬਾਣੀ ਅੰਦਰ ਅੰਕਤ ਕਦਰਾਂ ਦਾ ਸੋਮਾ ਧੁਰ ਦਰਗਾਹ ਦੇ ਉਚੇ ਸੁਚੇ ਮਿਆਰ ਹਨ। ਇਹ ਮਿਆਰ ਮਨੁਖੀ ਸੋਚ ਦੇ ਘੇਰੇ ਤੋਂ ਹਮੇਸ਼ਾ ਉਚੇ ਰਹੇ ਹਨ ਅਤੇ ਉਚੇ ਰਹਿਣਗੇ। ਮਿਸਾਲ ਵਜੋਂ ਫ਼ੁਰਮਾਨ ਹੈ–

ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

(ਆਸਾ ਮ: ੫, ਪੰਨਾ ੧੨)

ਮਨੁਖ ਸੋਚਦਾ ਹੈ ਕਿ ਕੀ ਇਹ ਮਨੁਖੀ ਜਾਮਾ ਹੀ ਕੇਵਲ ਇਕੋ ਇਕ ਮੌਕਾ ਹੈ ਜਦੋਂ ਕੁਦਰਤ ਦੇ ਕਾਦਰ ਨਾਲ ਮਿਲਾਪ ਹੋ ਸਕਦਾ ਹੈ? ਗੁਰਬਖਸ਼ ਸਿੰਘ ਪ੍ਰੀਤ ਲੜੀ ਵਾਲੇ ਨੇ ਕਿਸੇ ਲੇਖ ਵਿਚ ਇਕ ਵਾਰੀ ਇਸੇ ਸਵਾਲ ਤੇ ਆਪਣੇ ਵਿਚਾਰ ਦਿੰਦਿਆਂ ਇਹ ਲਿਖਿਆ ਸੀ ਕਿ ਇਹ ਕਦੀ ਨਹੀਂ ਹੋ ਸਕਦਾ ਕਿ ਡਾਰਵਿਨ ਦੀ ਉਲੀਕੀ ਹੋਈ ਵਿਕਾਸ ਦੀ ਪਉੜੀ ਦੀ ਸ਼ਿਖਰ ਤੇ ਅਪੜਿਆ ਮਨੁਖ, ਮੁੜ ਕੇ ਨਵੇਂ ਸਿਰਿਓਂ ਕੀੜੇ ਮਕੋੜਿਆਂ ਵਾਲੀ ਵਿਕਾਸ-ਡੰਡੀ ਤੋਂ ਉਪਰ ਨੂੰ ਚੜ੍ਹਨਾ ਅਰੰਭ ਕਰੇਗਾ। ਰੱਬੀ ਮਿਆਰ ਤਾਂ ਇਹ ਹੈ :–

ਲਖ ਚਉਰਾਸੀਹ ਜੋਨਿ ਉਪਾਈ ॥ ਮਾਣਸ ਕਉ ਪ੍ਰਭਿ ਦੀਈ ਵਡਿਆਈ ॥
ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥੨॥

(ਮਾਰੂ ਸੋਲਹੇ ਮ: ੫, ਪੰਨਾ ੧੦੭੫)

ਮਨੁਖੀ ਅਕਲ ਦੀ ਆਪਣੀ ਸੀਮਾ ਹੁੰਦੀ ਹੈ। ਜੋ ਕੁਝ ਦਿਸਦਾ ਸੰਸਾਰ ਹੈ, ਇਸ ਘੇਰੇ ਵਿਚੋਂ ਮਨੁਖੀ ਸੋਚ ਬਹੁਤੀ ਉਪਰ ਨਹੀਂ ਉੱਠੀ। ਮਨੁਖ ਭਾਵੇਂ ਕਿਤਨਾ ਹੀ ਪੜ੍ਹਿਆ ਲਿਖਿਆ ਕਿਉਂ ਨਾ ਹੋਵੇ, ਉਹ ਅਨੰਤ ਠਾਕੁਰ ਦੀਆਂ ਵਿਸਮਾਦੀ ਖੇਡਾਂ ਨੂੰ ਕੀ ਜਾਣੇ! ਪਰ ਇਸ ਦੇ ਟਾਕਰੇ ਤੇ ਸਤਿਗੁਰੂ ਸਾਹਿਬਾਨ ਅਨੰਤ ਠਾਕੁਰ ਨਾਲ ਇਕ ਮਿੱਕ ਹੋ ਚੁਕੀਆਂ ਉਹ ਹਸਤੀਆਂ ਸਨ ਜਿਨ੍ਹਾਂ ਨੂੰ ਅਨੰਤ ਠਾਕੁਰ ਦੀ ਦਰਗਾਹ ਦੀਆਂ ਕਦਰਾਂ ਕੀਮਤਾਂ ਦਾ ਗਿਆਨ



www.AKJ.Org

ਹੋ ਚੁਕਾ ਸੀ । ਉਹਨਾਂ ਨੂੰ ਜਿਵੇਂ ਜਿਵੇਂ ਸੱਚੀ ਦਰਗਾਹੋਂ ਹੁਕਮ ਹੁੰਦਾ ਸੀ, ਉਵੇਂ ਉਵੇਂ ਉਹ ਇਹਨਾਂ ਕਦਰਾਂ ਕੀਮਤਾਂ ਨੂੰ ਗੁਰਬਾਣੀ ਦੇ ਮਾਧਿਅਮ ਰਾਹੀਂ ਪਰਗਟ ਕਰਦੇ ।

ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ, ਸੁ ਨਾਨਕੁ ਆਖਿ ਸੁਣਾਵੈ ॥੨॥੧੦॥

(ਆਸਾ ਮ: ੫, ਪੰਨਾ ੩੭੩)

ਇਹੋ ਕਾਰਨ ਹੈ ਕਿ ਇਹਨਾਂ ਕਦਰਾਂ ਕੀਮਤਾਂ ਨੂੰ ਕਿਸੇ ਇਕ ਅਧਿਆਏ ਵਿਚ ਅੰਕਤ ਨਹੀਂ ਕੀਤਾ ਗਿਆ। ਗੁਰਬਾਣੀ ਦੇ ਪਾਠ ਅਥਵਾ ਕੀਰਤਨ ਦੁਆਰਾ ਇਹ ਕਦਰਾਂ ਸਹਿਜੇ ਸਹਿਜੇ ਪਰਗਟ ਹੁੰਦੀਆਂ ਹਨ। ਇਹਨਾਂ ਨੂੰ ਮਿਹਨਤ ਕਰ ਕੇ ਮੇਲਣਾ ਪੈਂਦਾ ਹੈ। ਸਿਖ ਵਿਦਵਾਨਾਂ ਦਾ ਇਸ ਪਾਸੇ ਧਿਆਨ ਗਿਆ ਤਾਂ ਹੈ। ਕੁਝ ਚੋਣਵੀਆਂ ਪੁਸਤਕਾਂ ਭੀ ਪ੍ਰਕਾਸ਼ਿਤ ਹੋਈਆਂ ਹਨ। ਡਾਕਟਰ ਅਵਤਾਰ ਸਿੰਘ ਦੀ ਪੁਸਤਕ 'ਐਥਿਕਸ ਆਫ਼ ਦੀ ਸਿਖਸ' ਆਦਿਕ ਦੇਖੀਆਂ ਜਾ ਸਕਦੀਆਂ ਹਨ। ਪਰ ਅਜੇ ਬਹੁਤ ਕੁਝ ਖੋਜ ਦਾ ਮੁਥਾਜ ਹੈ।

ਮਨੁਖੀ ਬੁਧੀ ਸ਼ਾਇਦ ਰੱਬੀ ਕੀਮਤਾਂ ਕਦਰਾਂ ਨੂੰ ਇੰਨ ਬਿੰਨ ਉਸ ਤਰ੍ਹਾਂ ਨਾ ਜਾਣ ਸਕੇ ਜਾਂ ਮੁਲਾਂਕਣ ਕਰ ਸਕੇ, ਪਰ ਇਸ ਨਾਲ ਇਹਨਾਂ ਕਦਰਾਂ ਦਾ ਮੁਲ ਘਟਦਾ ਨਹੀਂ। ਸੂਰਜ ਤੇ ਜੋ ਲੋਗ ਥੁਕਦੇ ਹਨ ਉਹ ਥੁਕ ਉਹਨਾਂ ਦੇ ਆਪਣੇ ਮੂੰਹ ਤੇ ਪੈਂਦੀ ਹੈ। ਪਰ ਜਿਉਂ ਜਿਉਂ ਉਹ ਸੂਰਜ ਦੇ ਨੇੜੇ ਜਾਂਦੇ ਹਨ, ਉਹਨਾਂ ਨੂੰ ਸੂਰਜ ਦੇ ਤਾਪ ਦਾ ਵਧੇਰੇ ਅੰਦਾਜ਼ਾ ਲਗਦਾ ਹੈ। ਇਉਂ ਇਹਨਾਂ ਰੱਬੀ ਕਦਰਾਂ ਨੂੰ ਜੋ ਮਨੁਖ ਨਹੀਂ ਮੰਨਦੇ ਜਾਂ ਪੁਰਾਣੇ ਜ਼ਮਾਨੇ ਦੇ ਸਿੱਕੇ ਵਾਂਗ ਜਾਣ ਕੇ ਇਕ ਪਾਸੇ ਰੱਖ ਦਿੰਦੇ ਹਨ, ਇਸ ਨਾਲ ਉਹਨਾਂ ਕਦਰਾਂ ਦਾ ਕੁਝ ਨਹੀਂ ਘਟਦਾ, ਕਿਉਂਕਿ ਸੱਚੀ ਦਰਗਾਹ ਵਿਚ ਤਾਂ ਇਹਨਾਂ "ਨਾਨਕ-ਸ਼ਾਹੀ ਸਿੱਕਿਆਂ" ਨੇ ਹੀ ਚਲਣਾ ਹੈ। ਇਸ ਲਈ ਲੇਖ-ਲੜੀ ਦੇ ਅਰੰਭ ਵਿਚ ਹੀ ਆਪਣੇ ਪਾਠਕਾਂ ਨੂੰ ਬੇਨਤੀ ਕਰਦਾ ਹਾਂ ਕਿ ਇਹਨਾਂ ਨਾਨਕ-ਸ਼ਾਹੀ ਸਿੱਕਿਆਂ ਨੂੰ ਹੋ ਸਕੇ ਤਾਂ ਆਪਣੇ ਹਿਰਦੇ ਅੰਦਰ ਸੰਭਾਲਣ ਦਾ ਜਤਨ ਕੀਤਾ ਜਾਏ।

ਵੇਖਣ ਵਿਚ ਆਇਆ ਹੈ, ਹਰ ਮਨੁਖ ਜਾ ਹਰ ਸਮਾਜ ਦੀਆਂ ਆਪਣੀਆਂ ਕਦਰਾਂ ਕੀਮਤਾਂ ਹੁੰਦੀਆਂ ਹਨ ਜੋ ਵਿਅਕਤੀ ਜਾਂ ਸਮਾਜ ਦੇ ਸੋਚ-ਢਾਂਚੇ ਅਨੁਸਾਰ ਬਣਦੀਆਂ ਢਹਿੰਦੀਆਂ ਰਹਿੰਦੀਆਂ ਹਨ। ਇਹੋ ਜਿਹੀਆਂ ਕਦਰਾਂ ਕੀਮਤਾਂ ਨਿਰੋਲ ਸੰਸਾਰਕ ਹੁੰਦੀਆਂ ਹਨ। ਆਮ ਜਨਤਾ ਮਨੁਖ-ਵਾਦੀ ਕੀਮਤਾਂ (Humanitarian Values) ਦੀ ਧਾਰਨੀ ਹੁੰਦੀ ਹੈ। ਇਹ ਮਨੁਖੀ ਕਦਰਾਂ ਦੇਸ ਕਾਲ ਨਾਲ ਬਦਲਦੀਆਂ ਹਨ। ਪਰ ਰੱਬੀ ਕੀਮਤਾਂ ਹਮੇਸ਼ਾ ਸਥਿਰ ਰਹਿੰਦੀਆਂ ਹਨ। ਉਦਾਹਰਣ ਵਜੋਂ ਸਤਵੀਂ ਸ਼ਤਾਬਦੀ ਤੋਂ ਸ਼ੂਦਰਾਂ ਨੂੰ ਸਾਰਾ ਹਿੰਦੂ ਸਮਾਜ ਅੱਜ ਤਕ ਨਫਰਤ ਕਰਦਾ ਆਇਆ ਸੀ, ਪਰ ਉਸੇ ਹਿੰਦੂ ਸਮਾਜ ਦੇ ਰਾਜਨੀਤਕ ਢਾਂਚੇ ਨੇ ਉਹਨਾਂ ਪੁਰਾਣੀਆਂ ਕਦਰਾਂ ਨੂੰ ਉਲਟਾ ਕੇ ਮਨੁਖੀ ਬਰਾਬਰੀ ਦੇ ਸਿਧਾਂਤ ਦਾ ਪਾਜ ਬਣਾ ਕੇ ਸ਼ੂਦਰਾਂ ਤੋਂ ਵੋਟ ਲੈਣ ਖ਼ਾਤਰ ਕਈ ਪਰਕਾਰ ਦੀਆਂ ਰਿਆਇਤਾਂ ਦਿੱਤੀਆਂ। ਮੰਦਰਾਂ ਵਿਚ ਜਾਣ ਦੀ ਖੁਲ੍ਹ ਭੀ ਦਿਤੀ। ਪਰ ਜਦੋਂ ਸ੍ਰੀ ਗੁਰੂ ਸਾਹਿਬਾਨ ਇਹਨਾਂ ਸ਼ੂਦਰਾਂ ਨੂੰ ਅੰਮ੍ਰਿਤ ਨਾਮ ਦਾ ਅੰਮ੍ਰਿਤ ਛਕਾ ਕੇ ਅਮਰ ਕਰ ਰਹੇ ਸਨ ਤਾਂ ਉਸੇ ਹਿੰਦੂ ਸਮਾਜ ਦੇ ਪ੍ਰਤੀਨਿਧ ਬ੍ਰਾਹਮਣ ਨੇ ਗੁਰੂ ਸਾਹਿਬਾਨ ਦਾ ਰੱਜ ਕੇ ਵਿਰੋਧ ਕੀਤਾ ਅਤੇ ਅੱਜ ਉਹ ਚੁਪ ਹੈ। ਸਤਿਗੁਰੂ ਸਾਹਿਬਾਨ ਨੇ ਰੱਬੀ ਕਦਰਾਂ ਦੇ ਤਰਾਜ਼ੂ ਵਿਚ ਮਨੂੰ ਰਿਸ਼ੀ ਦੀਆਂ ਬਣਾਈਆਂ ਸਮਾਜਿਕ ਕਦਰਾਂ ਨੂੰ ਤੋਲ ਕੇ ੫੦੦ ਸੌ ਸਾਲ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਇਹ ਕਦਰਾਂ ਅਣਮਨੁਖੀ ਹਨ। ਆਪ ਨੇ ਐਲਾਨੀਆ ਕਿਹਾ ਸੀ–

ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ ॥<br>
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥<br>
ਕਿਉਂਕਿ– ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥੪॥੩॥

(ਸਿਰੀ ਰਾਗ ਮ: ੧, ਪੰਨਾ ੧੫)

ਇਹ ਸਭ ਕੁਝ ਕਹਿਣ ਤੋਂ ਭਾਵ ਇਹ ਹੈ ਕਿ ਮਨੁਖੀ ਕਦਰਾਂ ਮਨੁਖ ਦੀ ਸੋਝੀ ਅਤੇ ਅਗਿਆਨ-ਮਈ ਬੋਧਕ ਪੱਧਰ ਤੋਂ ਬਣਦੀਆਂ ਹਨ। ਹਰ ਦੇਸ਼ ਤੇ ਕਾਲ ਦੀਆਂ ਕਦਰਾਂ ਇਸੇ ਲਈ ਵੱਖ ਵੱਖ ਹੋਣਗੀਆਂ। ਪਰ ਰੱਬੀ ਕਦਰਾਂ



www.AKJ.Org

ਯੂਨੀਵਰਸਲ (ਸੰਪੂਰਨ, ਵਿਆਪਕ) ਕਦਰਾਂ ਹੁੰਦੀਆਂ ਹਨ। ਇਹ ਦੇਸ਼ ਤੇ ਕਾਲ ਦੀਆਂ ਸੀਮਾਵਾਂ ਵਿਚ ਕੈਦ ਨਹੀਂ ਕੀਤੀਆਂ ਜਾ ਸਕਦੀਆਂ। ਉਹ ਸਦਾ ਸਮੁਚੇ ਬ੍ਰਹਮਾਂਡ ਲਈ ਇਕੋ ਹੁੰਦੀਆਂ ਹਨ। ਜਿਵੇਂ ਮਿਸਾਲ ਵਜੋਂ :–

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂੰ ਮੇਰਾ ਗੁਰ ਹਾਈ ॥

(ਸੋਰਠਿ ਮ: ੫, ਪੰਨਾ ੬੧੧)

ਸਮੂਹ ਰਚਨਾ ਦਾ ਰਚਣਹਾਰ ਇੱਕ ਹੈ। ਉਹ ਸਭ ਦਾ ਪਿਤਾ ਹੈ। ਈਸਾਈ, ਮੂਸਾਈ, ਇਸਲਾਮੀ ਸ਼ਰ੍ਹਾ ਵਾਲੇ ਸਭ ਅਕਾਲਪੁਰਖ ਨੂੰ ਪਿਤਾ ਮੰਨਦੇ ਹਨ। ਸ਼ਾਇਦ ਮੁਸਲਮਾਨਾਂ ਨੂੰ ਨਾਲ ਲਗਵੀਂ ਰੱਬੀ-ਕਦਰ ਦੀ ਜਾਂ ਤਾਂ ਸਮਝ ਨਹੀਂ ਆਈ ਜਾਂ ਉਹਨਾਂ ਨੇ ਇਸ ਦਾ ਪਰਚਾਰ ਨਹੀਂ ਕੀਤਾ ਕਿ ਜੇ ਸਭ ਦਾ ਪੈਦਾ ਕਰਨ ਵਾਲਾ ਪਿਤਾ ਇਕ ਹੈ ਤਾਂ ਦੁਨੀਆ ਨੂੰ ਕਾਫ਼ਰ ਤੇ ਮੋਮਨਾਂ ਵਿਚ ਵੰਡ ਕੇ ਤੁਰਨਾ ਕਿਥੋਂ ਤਕ ਜਾਇਜ਼ ਹੈ ? ਅਸੀਂ ਸਾਰੇ ਰੱਬ ਪਿਤਾ ਦੇ ਅਜਾਣ ਬਾਲਕ ਹਾਂ।

ਅਤੇ ਜੋ ਮਾਦਾਪ੍ਰਸਤ ਲੋਗ ਰੱਬ ਨੂੰ ਪਿਤਾ ਹੀ ਨਹੀਂ ਮੰਨਦੇ, ਉਹ ਸੰਸਾਰ ਵਿਚ ਕਿਸ ਆਧਾਰ ਤੇ ਭਰਾਤ੍ਰੀ ਭਾਵ ਉਜਾਗਰ ਕਰਨਾ ਲੋਚਦੇ ਹਨ। ਕਿਉਂਕਿ ਇਕ ਪਿਤਾ ਦਾ ਤਾਂ ਇਕੋ ਹੀ ਪਰਿਵਾਰ ਮੰਨਿਆ ਜਾਂਦਾ ਹੈ। (Universal brotherhood of Man flows from the Universal Fatherhood of God.) ਤੇ ਜੇ ਕਰ ਕਿਸੇ ਪਰਿਵਾਰ ਦਾ ਪਿਤਾ ਹੀ ਨਾ ਲਭ ਸਕੀਏ ਤਾਂ ਉਹ ਬਾਲਕ ਨਿਖਸਮੇ ਜਾਂ ਹਰਾਮ ਦੇ ਹੀ ਹੋ ਜਾਂਦੇ ਹਨ। ਹਰਾਮ ਦਿਆਂ ਦੀ ਯੂਨੀਅਨ ਤਾਂ ਬਣ ਸਕਦੀ ਹੈ, ਪਰ ਉਹਨਾਂ ਦਾ ਪਰਿਵਾਰ ਨਹੀਂ ਬਣ ਸਕਦਾ।

ਗੁਰਮੱਤੀ ਕਦਰਾਂ ਕੀਮਤਾਂ ਸੰਬੰਧੀ ਇਸ ਅਰੰਭਕ ਲੇਖ ਨੂੰ ਪੇਸ਼ ਕਰਨ ਦਾ ਮਨੋਰਥ ਇਹ ਵੀ ਹੈ ਕਿ ਅਸੀਂ ਗੁਰੂ ਪਾਤਸ਼ਾਹਾਂ ਵਲੋਂ ਬਖਸ਼ੀਆਂ ਕਦਰਾਂ ਦਾ ਸਹੀ ਅੰਦਾਜ਼ਾ ਲਗਾ ਸਕੀਏ ਅਤੇ ਇਹਨਾਂ ਕਦਰਾਂ ਦੀ ਸੇਧ ਵਿਚ ਜੀਵਨ ਢਾਲਣ ਦਾ ਜਤਨ ਕਰੀਏ। ਕਿਉਂਕਿ–

ਬਰਤ ਨੇਮ ਸੰਜਮ ਮਹਿ ਰਹਤਾ, ਤਿਨ ਕਾ ਆਢੁ ਨ ਪਾਇਆ ॥
ਆਗੈ ਚਲਣੁ ਅਉਰੁ ਹੈ ਭਾਈ, ਊਹਾਂ ਕਾਮਿ ਨ ਆਇਆ ॥੧॥

(ਗਉੜੀ ਮ: ੫, ਪੰਨਾ ੨੧੬)

ਮਨ ਨੂੰ ਵਿਸ਼ੇ ਵਿਕਾਰਾਂ ਤੋਂ ਰੋਕਣ ਲਈ ਕਈ ਪ੍ਰਕਾਰ ਦੇ ਸੰਜਮਾਂ ਤੇ ਵਰਤ-ਨੇਮਾਂ ਦਾ ਅਗਲੀ ਦਰਗਾਹ ਵਿਚ ਕਉਡੀ ਜਿੰਨਾ ਵੀ ਮੁਲ ਨਹੀਂ ਪੈਂਦਾ, ਕਿਉਂਕਿ ਮਹਾਰਾਜ ਫੁਰਮਾਉਂਦੇ ਹਨ, ਉਸ ਸਚੀ ਦਰਗਾਹ ਅੰਦਰ ਕਦਰਾਂ ਕੀਮਤਾਂ ਦੇ ਮਿਆਰ ਹੋਰ ਹਨ, ਉਥੇ ਸੰਸਾਰੀਆਂ ਦੀਆਂ ਘੜੀਆਂ ਅਤੇ ਮਿਥੀਆਂ ਕਦਰਾਂ ਕਿਸੇ ਕੰਮ ਨਹੀਂ ਆਉਂਦੀਆਂ।

ਇਸ ਲਈ ਸਾਨੂੰ ਖੋਜਣਾ ਪਏਗਾ, ਗੁਰਬਾਣੀ ਵਿਚ ਚੁਭੇ ਮਾਰ ਮਾਰ ਕੇ, ਉਹਨਾਂ ਕਦਰਾਂ ਕੀਮਤਾਂ ਨੂੰ ਲਭਣਾ ਪਵੇਗਾ ਜਿਨ੍ਹਾਂ ਦਾ ਸਚੀ ਦਰਗਾਹੇ ਮੁਲ ਪੈਂਦਾ ਹੈ। ਗੁਰਬਾਣੀ ਦਾ ਭੀ ਅੰਤਮ ਨਿਰਣਾ ਇਹੋ ਹੈ :–

ਜੈਸਾ ਬੀਜੈ ਸੁ ਲੁਣੇ, ਜੋ ਖਟੇ ਸੋ ਖਾਇ ॥
ਅਗੈ ਪੁਛ ਨ ਹੋਵਈ, ਜੇ ਸਣੁ ਨੀਸਾਣੈ ਜਾਇ ॥੨॥ (ਸੂਹੀ ਮਹਲਾ ੧, ਪੰਨਾ ੭੩੦)

ਨੀਸਾਣ ਸਰਟੀਫ਼ਿਕੇਟ ਜਾਂ ਪਰਵਾਨੇ ਨੂੰ ਕਹਿੰਦੇ ਹਨ। ਜੇਕਰ ਜਗਿਆਸੂ ਪਾਸ ਨਾਮ ਦੀ ਕਮਾਈ ਅਤੇ ਗੁਰਮੱਤੀ ਕਦਰਾਂ ਅਨੁਸਾਰ ਜੀਵਨ ਜੀਉਣ ਦਾ ਸਰਟੀਫ਼ਿਕੇਟ ਹੈ ਤਾਂ ਸਚੀ ਦਰਗਾਹੇ ਧਰਮ ਰਾਜਾ ਲੇਖਾ ਨਹੀਂ ਮੰਗਦਾ।

ਪਰ ਸਮਾਜਕ ਵਿਗਿਆਨੀ (Sociologist) ਗੁਰਮੱਤੀ ਕਦਰਾਂ ਨੂੰ ਕੇਵਲ (normative values) ਕਰਕੇ ਪਰਾਂ ਰੱਖ ਦਿੰਦੇ ਹਨ, ਕਿ ਇਹਨਾਂ ਕਦਰਾਂ ਅਨੁਸਾਰ ਹੁਣ ਸਿਖ ਸਮਾਜ ਜੀਵਨ ਨਹੀਂ ਜੀਉ ਰਿਹਾ। ਕਦਰਾਂ ਵਡਮੁਲੀਆਂ ਹਨ, ਅਤੇ ਇਸ ਬਾਰੇ ਦੂਜੀ ਕੋਈ ਰਾਇ ਨਹੀਂ ਹੋ ਸਕਦੀ ਕਿ ਇਹਨਾਂ ਕਦਰਾਂ ਨੂੰ ਹਰ ਸਿਖ ਆਪਣੇ ਜੀਵਨ ਵਿਚ ਢਾਲੇ।



www.AKJ.Org

# ਪਹਿਲਾ ਘਲੂਘਾਰਾ (੮)

[ਕੈਪਟਨ ਸਵਰਨ ਸਿੰਘ ਜੀ]

ਜ਼ਕਰੀਆ ਖ਼ਾਨ ਨੇ ਆਪਣੇ ਅੰਤਲੇ ਦਿਨਾਂ ਵਿਚ ਸਿਖਾਂ ਪ੍ਰਤੀ ਕੁਝ ਨਰਮੀ ਫੜ ਲਈ ਤੇ ਇੰਜ ਸਿੱਖਾਂ ਉਤੇ ਹੋ ਰਹੀ ਸਖ਼ਤੀ ਇਕ ਹੱਦ ਤਕ ਬੰਦ ਹੋ ਗਈ। ਦਰਬਾਰ ਸਾਹਿਬ ਦੇ ਦੁਆਲਿਓਂ ਪਹਿਰੇ ਉਠਾ ਲਏ ਗਏ ਸਨ। ਸਿੰਘ ਖੁਲ੍ਹੇ ਦਰਸ਼ਨ ਦੀਦਾਰੇ ਕਰ ਸਕਦੇ ਸਨ। ਪਰ ਇਹ ਖੁਲ੍ਹ ਬਹੁਤੇ ਸਮੇਂ ਤਕ ਨਾ ਰਹੀ। ਸਿੰਘਾਂ ਹਥੋਂ ਜਸਪਤ ਰਾਏ ਦੇ ਮਾਰੇ ਜਾਣ ਕਾਰਨ ਲਖਪਤ ਨੇ ਯਾਹੀਆ ਖ਼ਾਨ ਪਾਸੋਂ ਸਿਖਾਂ ਦੀ ਸਮੁਚੇ ਤੌਰ ਤੇ ਕਤਲਾਮ ਦੇ ਹੁਕਮ ਲੈ ਲਏ ਸਨ। ਸਿਖਾਂ ਉਤੇ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਸਖਤੀ ਦਾ ਦੌਰ ਅਰੰਭ ਹੋ ਗਿਆ। ਦਰਬਾਰ ਸਾਹਿਬ ਦੁਆਲੇ ਬੜਾ ਕਰੜਾ ਪਹਿਰ ਲਾ ਦਿਤਾ। ਹੁਕਮ ਸੀ ਕਿ ਜੋ ਦਰਸ਼ਨ ਇਸ਼ਨਾਨ ਨੂੰ ਆਵੇ, ਥਾਂ ਤੇ ਹੀ ਮਾਰ ਦਿਤਾ ਜਾਵੇ।

ਤਰਨ ਤਾਰਨ ਦੇ ਉੱਤਰ ਪੱਛਮ ਵਿਚ ੬-੭ ਕਿ: ਮੀ: ਦੀ ਵਿਥ ਉਤੇ ਨੂਰਦੀਨ ਦੀ ਸਰਾਂ ਦੇ ਪਹਾੜ ਵਿਚ ਇਕ ਪਿੰਡ ਠੱਰੂ ਹੈ। ਇਥੋਂ ਦਾ ਰੰਘੜ ਸਲਾਯਤ ਖਾਨ (ਰਾਜਪੂਤਾਂ ਵਿਚੋਂ ਜੋ ਮੁਸਲਮਾਨ ਬਣ ਜਾਣ, ਸਿੰਘ ਉਨ੍ਹਾਂ ਨੂੰ ਰੰਘੜ ਕਿਹਾ ਕਰਦੇ ਹਨ) ਲਖਪਤ ਦੇ ਹੁਕਮ ਅਧੀਨ ੧੭੪੭ ਤੋਂ ਫੌਜ ਲੈ ਕੇ ਸ੍ਰੀ ਦਰਬਾਰ ਸਾਹਿਬ ਟਿਕਿਆ ਹੋਇਆ ਸੀ ਅਤੇ ਸ੍ਰੀ ਦਰਬਾਰ ਸਾਹਿਬ ਤੇ ਸਰੋਵਰ ਦੁਆਲੇ ਬੜੇ ਸਖ਼ਤ ਪਹਿਰੇ ਲਾਏ ਹੋਏ ਸਨ। ਚਹੁੰ ਪਾਸੀਂ ਛੋਟੀਆਂ ਛੋਟੀਆਂ ਗੜ੍ਹੀਆਂ ਅਤੇ ਉਚੇ ਉਚੇ ਬੁਰਜ ਬਣਾ ਕੇ ਉਨ੍ਹਾਂ ਉਤੇ ਟਾਂਗੂ ਤੇ ਚੰਗੇ ਨਿਸ਼ਾਨਚੀ ਬੰਦੂਕਾਂ ਵਾਲੇ ਬਿਠਾਏ ਹੋਏ ਸਨ, ਤਾਂਕਿ ਵੇਲੇ ਕੁਵੇਲੇ ਦਰਸ਼ਨ ਇਸ਼ਨਾਨ ਕਰਨ ਆਏ ਸਿੰਘਾਂ ਨੂੰ ਦੂਰੋਂ ਹੀ ਗੋਲੀ ਮਾਰ ਕੇ ਮਾਰ ਦਿਤਾ ਜਾਵੇ। ਇਨ੍ਹਾਂ ਸਖ਼ਤੀਆਂ ਦੇ ਬਾਵਜੂਦ ਸਿੰਘ ਸਿਰ ਤਲੀ ਉਤੇ ਧਰ ਕੇ ਆਉਂਦੇ, ਕਈ ਸ਼ਹੀਦੀ ਜਾਮ ਪੀ ਜਾਂਦੇ, ਕਈ ਇਸਨਾਨ ਕਰ ਵੀ ਜਾਂਦੇ।

ਅਹਿਮਦ ਸ਼ਾਹ ਹਾਰ ਖਾ ਕੇ ਆਪਣੇ ਦੇਸ ਅਫ਼ਗਾਨਿਸਤਾਨ ਨੂੰ ਮੁੜ ਗਿਆ ਸੀ। ਸਿੰਘ ਸਮਝਦੇ ਸਨ ਕਿ ਹੁਣ ਲਾਹੌਰ ਦੇ ਰਾਜ ਪ੍ਰਬੰਧ ਵਿਚ ਛੇਤੀ ਹੀ ਅਦਲਾ ਬਦਲੀ ਹੋਵੇਗੀ। ਦੁਰਾਨੀ ਵਲੋਂ ਥਾਪੇ ਗਏ ਹਾਕਿਮ ਜਲ੍ਹੇ ਖਾਨ ਅਤੇ ਦੀਵਾਨ ਲਖਪਤ ਰਾਏ ਆਪਣੇ ਅਹੁਦਿਆਂ ਉਤੇ ਟਿਕੇ ਨਹੀਂ ਰਹਿਣਗੇ। ਇਹ ਵਡੇ ਅਹੁਦੇਦਾਰ ਆਪ ਵੀ ਨਹੀਂ ਸਨ ਜਾਣਦੇ ਕਿ ਇਨ੍ਹਾਂ ਦਾ ਕੀ ਬਣੇਗਾ। ਇਨ੍ਹਾਂ ਦੇ ਹੁਕਮ ਦਾ ਤੋਰਾ ਟਿਕਾ ਵੀ ਖ਼ਤਮ ਹੋ ਚੁਕਾ ਸੀ। ਦਿਲੀ ਵਲੋਂ ਨਿਯੁਕਤ ਹੋ ਕੇ ਕੋਈ ਨਵਾਂ ਹਾਕਿਮ ਅਜੇ ਆਇਆ ਨਹੀਂ ਸੀ। ਇਸ ਅਸਥਿਰਤਾ ਤੋਂ ਫ਼ਾਇਦਾ ਉਠਾਉਣ ਲਈ ਦਲ ਖਾਲਸਾ ਦੇ ਸਰਦਾਰਾਂ ਆਪਸ ਵਿਚ ਗੁਰਮਤਾ ਕਰ ਕੇ ਸ੍ਰੀ ਅੰਮ੍ਰਿਤਸਰ ਨੂੰ ਆਜ਼ਾਦ ਕਰਾਉਣ ਲਈ ਤਿਆਰੀ ਕਰ ਲਈ। ਨਵਾਬ ਕਪੂਰ ਸਿੰਘ ਨੇ ਇਸ ਹੱਲੇ ਦੀ ਅਗਵਾਈ ਦਾ ਕੰਮ ਸ: ਜੱਸਾ ਸਿੰਘ ਆਹਲੂਵਾਲੀਏ ਨੂੰ ਸੌਂਪਿਆ। ਹੁਕਮ ਮਿਲਦੇ ਸਾਰ ਸਿੰਘਾਂ ਕੂਚ ਕਰ ਦਿਤਾ ਤੇ ਆ ਕੇ ਸ੍ਰੀ ਅੰਮ੍ਰਿਤਸਰ ਨੂੰ ਘੇਰ ਲਿਆ। ਸਲਾਬਤ ਖਾਨ ਵੀ ਇਕ ਮੰਨਿਆ ਪਰਮੰਨਿਆਂ ਸੂਰਮਾ ਸੀ। ਆਪਣੇ ਜਵਾਨ ਲੈ ਕੇ ਉਸ ਨੇ ਸਿੰਘਾਂ ਨੂੰ ਆ ਲਲਕਾਰਿਆ। ਸਲਾਬਤ ਖਾਨ ਦੇ ਕਦਾਵਰ ਜਵਾਨ, ਜੋ ਬੈਠ ਕੇ ਖ਼ੁਰਾਕਾਂ ਖਾਣ ਵਾਲੇ ਸਨ, ਉਹ ਸੈਂਕੜੇ ਜੰਗਾਂ ਜੁਧਾਂ ਤੇ ਜੰਗਲਾਂ ਬੇਲਿਆਂ ਵਿਚ ਰਹਿ ਕੇ ਮੁਸੀਬਤਾਂ ਝਲ ਝਲ ਫੌਲਾਦ ਵਰਗੇ ਮਜ਼ਬੂਤ ਬਣੇ ਤੇ ਚਿਤਰੇ ਵਾਂਗ ਫੁਰਤੀਲੇ ਸਿੰਘਾਂ ਦੀ ਮਾਰ ਅੱਗੇ ਟਿਕ ਨਾ ਸਕੇ। ਸਲਾਬਤ ਖਾਨ ਫ਼ੌਜਦਾਰ ਨੂੰ ਇਹ ਖਿਆਲ ਵੀ ਨਹੀਂ ਸੀ ਕਿ ਮਾਰ ਮਾਰ ਦੇਸੋਂ ਕਢੇ ਹੋਏ ਸਿੰਘ ਕਦੇ ਆ ਕੇ ਉਸ ਉਤੇ ਹਮਲਾ ਕਰ ਕੇ ਇੰਜ ਘੇਰੇ ਵਿਚ ਲੈ ਲੈਣਗੇ। ਉਹ ਆਪਣੇ ਦੁੰਬੇ-ਖਾਣੇ ਸੂਰਮਿਆਂ ਨੂੰ ਅਜਿੱਤ ਸਮਝਦਾ ਸੀ। ਪਰ ਜਦ ਉਸ ਨੇ ਇਸ ਘੋਰ ਯੁਧ ਵਿਚ ਉਮੀਦੋਂ ਉਲਟ, ਆਪਣੇ ਜਵਾਨਾਂ ਦੇ ਪੈਰ ਉਖੜਦੇ ਵੇਖੇ ਤਾਂ ਉਸ ਨੂੰ ਬੜਾ ਰੋਹ ਚੜ੍ਹਿਆ। ਘੋੜਾ ਭਜਾ ਕੇ ਆਪਣੇ ਲੜਾਕਿਆਂ ਦੀਆਂ ਮੋਹਰਲੀਆਂ ਸਫਾਂ ਵਿਚ ਆ ਕੇ ਹਲਾ ਸ਼ੇਰੀ ਦੇਣ ਲਈ ਉਨ੍ਹਾਂ ਨੂੰ ਲਲਕਾਰਨ ਲਗਾ, "ਸਿਖਾਂ ਨੂੰ ਅਜ਼ਲ ਘੇਰ ਲਿਆਈ ਹੈ। ਇਕ ਵੀ ਕਾਫ਼ਰ ਬਚ ਕੇ ਨਾ ਜਾਵੇ, ਗਾਜ਼ੀਓ!" ਇਹ ਵੇਖ ਕੇ ਨਵਾਬ ਕਪੂਰ ਸਿੰਘ, ਸ: ਜੱਸਾ ਸਿੰਘ, ਸ: ਤਾਰਾ ਸਿੰਘ ਗੈਬਾ, ਤੇ ਚੂਹੜ ਸਿੰਘ ਭਕਣੀਆਂ ਆਦਿ ਖਾਨ



www.AKJ.Org

ਉਤੇ ਜਾ ਪਏ। ਸ: ਜੱਸਾ ਸਿੰਘ ਨੇ ਮੋਹਰੇ ਹੋ ਕੇ ਸਲਾਬਤ ਖਾਨ ਨੂੰ ਵੰਗਾਰਿਆ ਕਿ "ਆ ਖ਼ਾਨਾ, ਬਣ ਮਰਦ ਬੱਚਾ ਤੇ ਜ਼ਰਾ ਵੇਖ ਦੋ ਹੱਥ ਮੇਰੇ ਨਾਲ।" ਖਾਨ ਨੇ ਤਮਕ ਖਾ ਕੇ ਬੜੇ ਕਰੋਧ ਨਾਲ ਇਕ ਭਰਵਾਂ ਮਾਰੂ ਵਾਰ ਉਸ ਉਤੇ ਕੀਤਾ। ਸ: ਜੱਸਾ ਸਿੰਘ ਨੇ ਇਹ ਵਾਰ ਆਪਣੇ ਢਾਲੇ ਉਤੇ ਰੋਕਿਆ ਤੇ ਇਸ ਤੋਂ ਪਹਿਲਾਂ ਕਿ ਸਲਾਬਤ ਖਾਨ ਉਸ ਉਤੇ ਦੂਜਾ ਵਾਰ ਕਰੇ, ਆਪਣੇ ਦੁਧਾਰੇ ਖੰਡੇ ਦਾ ਇਕ ਐਸਾ ਤੁਲਵਾਂ ਹੱਥ ਉਸ ਉਤੇ ਝਾੜਿਆ ਕਿ ਖਾਨ ਦਾ ਸਿਰ ਭੋਇਂ ਉਤੇ ਆਣ ਡਿੱਗਾ। ਆਪਣੇ ਚਾਚੇ ਦਾ ਲਥਾ ਸਿਰ ਤੇ ਜ਼ਮੀਨ ਉਤੇ ਧੜ ਤੜਵਦਾ ਵੇਖ ਕੇ ਉਸ ਦਾ ਭਤੀਜਾ ਨਜਾਬਤ ਖਾਨ, ਜੋ ਚੜ੍ਹਦੀ ਜਵਾਨੀ ਤੇ ਬੁਰਜ ਵਰਗਾ ਕੜੀਅਲ ਜਵਾਨ ਸੀ, ਨੇਜਾ ਤਾਣ ਕੇ ਚੰਘਿਆੜਦਾ ਹੋਇਆ ਸ: ਜੱਸਾ ਸਿੰਘ ਵਲ ਵਧਿਆ। ਨੇਜ਼ਾ ਸ: ਜੱਸਾ ਸਿੰਘ ਦੇ ਸੀਨੇ ਵਲ ਵਾਹੁਣ ਹੀ ਲਗਾ ਸੀ ਕਿ ਨਵਾਬ ਕਪੂਰ ਸਿੰਘ ਨੇ ਖਿਚ ਕੇ ਇਕ ਐਸਾ ਤੀਰ ਮਾਰਿਆ ਜੋ ਸੀਨਿਓਂ ਪਾਰ ਲਹਿ ਗਿਆ ਤੇ ਨਜਾਬਤ ਖਾਨ ਡਿਗਦਾ ਹੀ ਪ੍ਰਾਣ ਤਿਆਗ ਗਿਆ। ਫੋਜ ਨੇ ਜਦ ਆਪਣੇ ਆਗੂਆਂ ਦੀਆਂ ਲਾਸ਼ਾਂ ਭੋਇਂ ਤੇ ਤੜਫਦੀਆਂ ਵੇਖੀਆਂ ਤਾਂ ਉਸ ਨੇ ਹੌਸਲੇ ਹਾਰ ਦਿਤੇ। ਫੋਜ ਨਿਰਾਸ ਹੋ ਕੇ ਮੈਦਾਨੋਂ ਭਜ ਨਿਕਲੀ। ਖਾਲਸੇ ਨੇ ਮਗਰ ਲੱਗ ਕੇ ਗਭੇ-ਵਾਢ ਕੀਤੀ। ਇਹ ਘਟਨਾ ਮਾਰਚ ਦੇ ਤੀਜੇ ਹਫਤੇ ਦੇ ਅੰਤ ਜਾਂ ਚੌਥੇ ਦੇ ਆਰੰਭ ਦੀ ਹੈ। ਸਿੰਘਾਂ ਦਾ ਸ੍ਰੀ ਅੰਮ੍ਰਿਤਸਰ ਉਤੇ ਕਬਜ਼ਾ ਹੋ ਗਿਆ। ਉਹ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਉਂਦੇ ਹੋਏ ਦਰਬਾਰ ਸਾਹਿਬ ਜਾ ਪੁਜੇ, ਜਿਸ ਦੇ ਖੁਲ੍ਹੇ ਦਰਸ਼ਨ ਖਾਲਸੇ ਨੂੰ ਕਈ ਵਰ੍ਹਿਆਂ ਪਿਛੋਂ ਹੋਏ।੧ ਦਰਬਾਰ ਸਾਹਿਬ ਦੇ ਇਰਦ ਗਿਰਦ ਮੁਗ਼ਲ ਫੌਜਦਾਰਾਂ ਨੇ ਜੋ ਗੜ੍ਹੀਆਂ ਤੇ ਬੁਰਜ ਖਾਲਸੇ ਨੂੰ ਇਸ਼ਨਾਨ ਤੇ ਦਰਸ਼ਨਾਂ ਨੂੰ ਆਇਆਂ ਨੂੰ ਦੂਰੋਂ ਗੋਲੀਆਂ ਮਾਰ ਕੇ ਮਾਰਨ ਲਈ ਉਸਾਰੇ ਹੋਏ ਸਨ, ਸਭ ਢਾਹ ਕੇ ਭੋਇਂ ਨਾਲ ਮਿਲਾ ਦਿਤੇ।

## ਸੰਨ ੧੮੪੮ ਦੀ ਵਿਸਾਖੀ—

ਖਾਲਸੇ ਲਈ ਵਿਸਾਖੀ ਦਾ ਦਿਨ ਬੜਾ ਵਡਭਾਗਾ ਤੇ ਗੌਰਵਮਈ ਦਿਹਾੜਾ ਹੈ। ੪੯ ਸਾਲ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਸ ਦਿਨ ਤੇ ਦਸਮੇਸ਼ ਜੀ ਨੇ ਸਿੱਖਾਂ ਦੀ ਪਰਖ ਕਰਦਿਆਂ ਪੰਜ ਸਿਰ ਲੈ ਕੇ ਅੰਮ੍ਰਿਤ ਦੀ ਦਾਤਿ ਬਖਸ਼ੀ ਤੇ ਖਾਲਸਾ ਪੰਥ ਸਾਜਿਆ ਸੀ। ਆਪਣੇ ਜਨਮ-ਦਿਹਾੜੇ ਨੂੰ ਕੌਣ ਵਡਭਾਗਾ ਤੇ ਖੁਸ਼ੀਆਂ ਭਰਪੂਰ ਨਹੀਂ ਸਮਝਦਾ ? ਸ੍ਰੀ ਅੰਮ੍ਰਿਤਸਰ ਹੁਣ ਆਜ਼ਾਦ ਸੀ ਤੇ ਸਿੰਘਾਂ ਵਾਸਤੇ ਇਹ ਦਿਨ ਇਸ ਵਾਰ ਵਿਸ਼ੇਸ਼ ਖੁਸ਼ੀਆਂ ਲੈ ਕੇ ਆਇਆ ਸੀ। ਇਸ ਵਾਰ ਵਿਸਾਖੀ ੨੯ ਮਾਰਚ ਨੂੰ ਸੀ। ਅਜੇ ਵਿਸਾਖੀ ਵਿਚ ਥੋੜੇ ਦਿਨ ਰਹਿੰਦੇ ਸਨ। ਨਵਾਬ ਕਪੂਰ ਸਿੰਘ ਪਾਸੋਂ ਆਦੇਸ਼ ਪਾ ਕੇ ਸ: ਜੱਸਾ ਸਿੰਘ ਨੇ ਸਿਖ ਸੰਗਤਾਂ ਤੇ ਪੰਥ ਦੇ ਦੂਰ ਦੁਰਾਡੇ ਤਕ ਖਿੰਡੇ ਹੋਏ ਜਥਿਆਂ ਨੂੰ ਸੂਚਨਾ ਦੇਣ ਲਈ ਤੇਜ਼ ਰਫਤਾਰ ਘੋੜ-ਅਸਵਾਰ ਸਿੰਘ ਰਵਾਨਾ ਕਰ ਦਿਤੇ ਕਿ ਇਸ ਵਾਰ ਵਿਸਾਖੀ ਦਾ ਜੋੜ-ਮੇਲਾ ਉਚੇਰੀ ਸ਼ਾਨੋ ਸ਼ੌਕਤ ਵਾਲਾ ਸ੍ਰੀ ਅੰਮ੍ਰਿਤਸਰ ਵਿਖੇ ਹੋਵੇਗਾ। ਸਭ ਸੰਗਤਾਂ ਤੇ ਪੰਥ ਦੇ ਰਾਠ ਸਿੰਘ ਹੁਮ ਹੁਮਾ ਕੇ ਇਥੇ ਇਕੱਤਰ ਹੋਣ।

ਸਾਰੇ ਸਰਦਾਰ ਆਪੋ ਆਪਣੇ ਘੋੜ-ਸਵਾਰ ਤੇ ਵਹੀਰਾਂ ਸਮੇਤ ਸ੍ਰੀ ਅੰਮ੍ਰਿਤਸਰ ਆ ਇਕੱਠੇ ਹੋਏ। ਇਥੋਂ ਤਕ ਕਿ ਸ: ਚੜ੍ਹਤ ਸਿੰਘ ਸ਼ੁਕਰਚੱਕੀਆ, ਜੋ ਦੁਰਾਨੀਆਂ ਦੀ ਗਿਦੜਧਾਂਸ ਕਰਾਉਂਦਾ ਹੋਇਆ ਸਿੰਧ ਦੇ ਉਰਲੇ ਕੰਢੇ ਤਕ ਚਲਾ ਗਿਆ ਸੀ, ਆਪਣਾ ਜਥਾ ਲੈ ਕੇ ਮੰਜ਼ਲਾਂ ਮਾਰਦਾ ਹੋਇਆ ਸ੍ਰੀ ਅੰਮ੍ਰਿਤਸਰ ਵਿਖੇ ਜੁੜੇ ਭਰਾਵਾਂ ਵਿਚ ਆ ਰਲਿਆ।

ਇਕ ਲੰਮੇ ਸਮੇਂ ਤਕ ਮੁਗ਼ਲ ਸਰਕਾਰ ਦੀ ਸਖ਼ਤੀ ਕਾਰਨ, ਸ੍ਰੀ ਅੰਮ੍ਰਿਤਸਰ ਵਿਖੇ ਕਦੇ ਵੀ ਕੋਈ ਜੋੜ-ਮੇਲਾ ਨਹੀਂ ਸੀ ਹੋਇਆ। ਇਕ ਲੰਮੀ ਮੁਦਤ ਪਿਛੋਂ ਇਹ ਆਪਣੀ ਅਨੋਖੀ ਚੜ੍ਹਤ ਵਾਲਾ ਪਹਿਲਾ ਵਿਸਾਖੀ ਦਾ ਮੇਲਾ ਸੀ। ਵਰ੍ਹਿਆਂ ਪਿਛੋਂ ਸਿੰਘਾਂ ਖੁਲ੍ਹੇ ਦਰਸ਼ਨ ਇਸ਼ਨਾਨ ਕੀਤੇ। ਆਪਣੇ ਗੁਰਧਾਮਾਂ ਦੇ ਦਰਸ਼ਨਾਂ ਤੋਂ ਵਧ ਸਿਖ ਲਈ ਕੋਈ ਨਿਆਮਤ ਨਹੀਂ। ਭਰਾਵਾਂ ਨੂੰ ਰੱਜ ਰੱਜ ਕੇ ਮਿਲੇ। ਪੰਥ ਦੀ ਚੜ੍ਹਦੀ ਕਲਾ ਲਈ ਵਿਚਾਰਾਂ ਹੋਈਆਂ। ਮੁਗ਼ਲ ਹਕੂਮਤ ਦੇ ਸ਼ਸਤ੍ਰੀ ਟਾਕਰੇ ਤੇ ਇਸਦੇ ਅਸਲੋਂ ਖ਼ਾਤਮੇ ਲਈ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਦੇ ਪ੍ਰਣ ਕੀਤੇ ਗਏ। ਇਨ੍ਹਾਂ ਚਲਦੀਆਂ ਵਿਚਾਰਾਂ ਵਿਚ ਸ: ਕਪੂਰ ਸਿੰਘ ਨੇ ਹੋਰ ਸਿੰਘਾਂ ਨਾਲ ਰਲ ਕੇ ਰਾਏ ਦਿਤੀ ਕਿ ਖਾਲਸਾ ਜੰਗਲਾਂ ਬੇਲਿਆਂ


www.AKJ.Org

ਤੇ ਖਡਾਂ ਪਹਾੜਾਂ ਵਿਚ ਲੁਕ ਛਿਪ ਕੇ ਕਿੰਨੇ ਕੁ ਦਿਨ ਗੁਜ਼ਾਰਾ ਕਰੇਗਾ ਤੇ ਇੰਜ ਸਰਕਾਰ ਦਾ ਕੋਈ ਬਹੁਤਾ ਨੁਕਸਾਨ ਵੀ ਨਹੀਂ ਕਰ ਸਕੇਗਾ। ਕੋਈ ਪੱਕਾ ਪੈਂਤੜਾ ਲੈਣ ਲਈ ਖਾਲਸੇ ਪਾਸ ਵੀ ਕੋਈ ਕੋਟ ਗੜ੍ਹੀ ਜਾਂ ਕਿਲ੍ਹਾ ਹੋਣਾ ਚਾਹੀਦਾ ਹੈ। ਕਿਸੇ ਓਟ-ਆਸਰੇ ਨਾਲ ਲੜਨਾ ਸੌਖਾ ਹੁੰਦਾ ਹੈ। ਸ਼ੇਰ ਵੀ ਝਲ ਦਾ ਆਸਰਾ ਲੈਂਦਾ ਹੈ। ਸਾਨੂੰ ਵੀ ਸਮੇਂ ਮੂਜਬ ਕੋਈ ਢੁਕਵਾਂ ਆਸਰਾ ਬਣਾ ਲੈਣਾ ਚਾਹੀਦਾ ਹੈ। ਇਸ ਵਿਚਾਰ ਨੂੰ ਤੁਰੰਤ ਪ੍ਰਵਾਨ ਕਰ ਲਿਆ ਗਿਆ।

ਹੁਣ ਸਾਰੇ ਸੋਚਣ ਲੱਗੇ ਕਿ ਇਹ ਗੜ੍ਹੀ ਜਾਂ ਕੋਟ ਬਣੇ ਕਿੱਥੇ। ਹਰ ਇਕ ਨੇ ਆਪਣੀ ਆਪਣੀ ਦਲੀਲ ਦਿਤੀ। ਸ: ਸੁਖਾ ਸਿੰਘ ਮਾੜੀ ਕੰਬੋਕੀ ਵਾਲੇ ਨੇ ਅਤੇ ਕੁਝ ਹੋਰ ਸਿਦਕੀ ਸਿੰਘਾਂ ਨੇ ਕਿਹਾ ਕਿ ਸਾਨੂੰ ਤਾਂ ਕੇਵਲ ਗੁਰੂ ਘਰ ਦਾ ਹੀ ਆਸਰਾ ਹੈ। ਸੋ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਨੂੰ ਛਡ ਕੇ ਹੋਰ ਕਿਥੇ ਜਾਣਾ ਹੈ। ਖਾਲਸਾ ਸਮਰੱਥ ਹੈ, ਇਹ ਮਤਾ ਵਿਚਾਰ ਕੇ ਪ੍ਰਵਾਨ ਕਰੇ ਤੇ ਇਹ ਕਿਲ੍ਹਾ ਇਸੇ ਪਾਵਨ ਧਰਤੀ ਉਤੇ ਬਣਾਇਆ ਜਾਵੇ। ਜੇ ਜੀਵੀਏ ਤਾਂ ਗੁਰੂ ਕੇ ਚਰਨਾਂ ਵਿਚ, ਜੇ ਮਰੀਏ ਤਾਂ ਹਰ ਕੇ ਦੁਆਰ। ਸਾਰਿਆਂ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾ ਕੇ ਇਸ ਗੁਰਮਤੇ ਦੀ ਪ੍ਰਵਾਨਗੀ ਦੇ ਦਿਤੀ।

## ਰਾਮ ਰਾਉਣੀ ਦੀ ਬੁਨਿਆਦ ਤੇ ਉਸਦੀ ਉਸਾਰੀ (ਅਪ੍ਰੈਲ ੧੭੪੮)–

ਇਹ ਗੁਰਮਤਾ ਸੋਧੇ ਜਾਣ ਪਿਛੋਂ ਉਸਾਰੀ ਦਾ ਕੰਮ ਝਟ ਪਟ ਆਰੰਭ ਕਰ ਦਿਤਾ ਗਿਆ। ਜਿਸ ਜਗ੍ਹਾ ਤੇ ਗੁਰੂ ਸਾਹਿਬ ਨੇ ਖੂਹੀ ਲਗਵਾਈ ਸੀ, ਉਸ ਦੇ ਲਾਗੇ ਨੀਂਹ ਧਰੀ ਗਈ ਤੇ ਇਸ ਖੂਹੀ ਨੂੰ ਅੰਦਰ ਲੈ ਲਿਆ ਗਿਆ। ਇਸ ਕੰਮ ਲਈ ਕਾਰੀਗਰ ਬਾਹਰੋਂ ਮੰਗਵਾਉਣ ਦੀ ਲੋੜ ਨਹੀਂ ਸੀ। ਸਿੰਘਾਂ ਵਿਚ ਹੀ ਰਾਜ ਤੇ ਮਜ਼ੂਰ ਸਨ। ਪ੍ਰੇਮ-ਸੇਵਾ ਦੇ ਚਾਉ ਨਾਲ ਸਿੰਘ ਇਕ ਦੂਜੇ ਨਾਲੋਂ ਵਧ ਵਧ ਕੇ ਸੇਵਾ ਕਰਨ ਲਗੇ। ਕੋਈ ਵੱਡਾ ਛੋਟਾ ਨਹੀਂ ਸੀ, ਨਾ ਹੀ ਕਿਸੇ ਦੇ ਸਿਰ ਵਿਚ ਚੌਧਰ ਵਡਿਆਈ, ਆਗੂਪੁਣੇ ਜਾ ਸਰਦਾਰੀ ਦੀ ਬੋ ਸੀ। ਹਰ ਇਕ ਬਰਾਬਰ ਸੀ। ਪ੍ਰੇਮ-ਸੇਵਾ ਚਾਅ ਤੇ ਜੋਸ਼ ਦਾ ਇਹ ਹਾਲ ਸੀ ਕਿ ਹਰ ਕੋਈ ਦੂਸਰੇ ਨਾਲੋਂ ਅੱਗੇ ਵਧਣਾ ਚਾਹੁੰਦਾ ਸੀ। ਆਪੇ ਹੀ ਪੁਟਦੇ, ਪੀਂਹਦੇ, ਪਕਾਉਂਦੇ, ਚਿਣਾਈ ਤੇ ਮਜ਼ੂਰੀ ਦਾ ਕੰਮ ਕਰਦੇ ਸਨ। ਇਕੋ ਵੇਰੀ ਹੀ ਚਾਰੇ ਲਾਂਗਾਂ ਲੈ ਤੁਰੇ ਅਤੇ ਥੋੜੇ ਦਿਨਾਂ ਵਿਚ ਹੀ ਰਾਉਣੀ ਦੀ ਰਚਨਾ ਕਰ ਦਿਤੀ। ਇਸ ਦੇ ਬੁਰਜ ਵੀ ਬਣਾਏ ਗਏ, ਜਿਨ੍ਹਾਂ ਉਤੇ ਟਾਂਗੂ ਬੈਠ ਕੇ ਦੁਸ਼ਮਣ ਦੀ ਤੱਕ ਰਖਦੇ ਸਨ। ਖ਼ਤਰੇ ਵੇਲੇ ਨਗਾਰੇ ਵਜਾ ਕੇ ਲਾਗਲੇ ਜੰਗਲਾਂ ਬੀੜਾਂ ਵਿਚ ਛੁਪੇ ਹੋਏ ਸਿੰਘਾਂ ਨੂੰ ਖਬਰਦਾਰ ਕਰ ਦੇਂਦੇ ਸਨ।

ਸ: ਰਤਨ ਸਿੰਘ ਭੰਗੂ ਨੇ ਆਪਣੇ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਇਸਦੀ ਉਸਾਰੀ ਵੇਲੇ ਦੇ ਨਜ਼ਾਰੇ ਨੂੰ ਇਸ ਪ੍ਰਕਾਰ ਚਿਤਰਿਆ ਹੈ :–

ਚੌਪਈ–ਤਬੈ ਭੂਮਕਾ ਦੇਖਨ ਚਹੈ। ਕਹੀ ਬਾਤ ਇਕ ਸਿਆਨੇ ਅਹੈ।
ਪਾਂਚੋ ਸਰ ਜੋ ਗੁਰੂ ਬਨਾਏ। ਕੁਲਛੇਤਰ ਤੇ ਅਧਿਕ ਰਚਾਏ। ੬।
ਇਸ ਤੇ ਭੂਮ ਔਰ ਕਤ ਭਲੀ। ਇਹ ਤਜਿ ਔਰ ਲਈਏ ਜਹਿ ਚਲੀ।
ਗੁਰਦ੍ਵਾਰੇ ਹੀ ਮਰਨੋ ਚਹਿਯੈ। ਔਰ ਫੌਜ ਕਿਮ ਜਾਨ ਗਵੱਯੈ। ੭।
ਦੋਹਰਾ–ਈਹਾਂ ਸੋ ਕੰਧ ਬਣਾਏ ਕਿਛ ਤੁਰਕਨ ਸੋ ਕਰੋ ਜੰਗ।
ਮਰੈਂ ਤਾਂ ਸ੍ਵਰਗ ਸਿਧਾਰ ਹੈ, ਬਚ ਲਏਂ ਪਾਤਿਸ਼ਾਹੀ ਅੰਗ।......
ਚੌਪਈ–ਤਬ ਇਕ ਸਿੰਘ ਸਿਆਣੇ ਕਹੀ। ਸਭੀ ਬਾਤ ਈਹਾਂ ਮਿਲ ਅਹੀ।
ਪੰਚੋਂ ਸਰ ਜੋ ਗੁਰੂ ਬਨਾਏ। ਤਿਨ ਹੀ ਮੇਂ ਇਕ ਬਚਨ ਮਿਲਾਏ। ੧੨।
ਦੋਹਰਾ–ਅੰਮ੍ਰਿਤ ਸਰ ਬਬੇਕ-ਸਰ ਕੌਲ ਸਰਾ ਲੀਓ ਥਾਪ।
ਸੰਤੋਖ ਸਰ ਔਰ ਰਾਮ ਸਰ ਗੁਰ ਰਾਮਦਾਸ ਕਰੇ ਆਪ। ੧੩।
ਚੌਪਈ–ਰਾਮਦਾਸ ਸਰ ਜੋ ਪੰਜ ਬਨਾਏ। ਇਕ ਥਾਂ ਲੀਜੇ ਕੰਧ ਚਿਣਾਏ।
ਮਰੈਂ ਤੁਰਕ ਤਹਿਂ ਆਪੇ ਆਇ। ਗੜੀ ਬਨਾਓ ਰਣ ਥੰਮ੍ਹ ਭਾਇ। ੧੪।



www.AKJ.Org

ਹੁਤੀ ਖੂਹੀ ਤਹਿੰ ਗੁਰੂ ਲਵਾਈ। ਤਿਹ ਥਾਂ ਲੀਨੀ ਨੀਂਹ ਧਰਾਈ।
ਆਪੇ ਰਾਜ ਸਿੰਘ ਆਪੇ ਮਜੂਰ। ਬਡੇ ਭੁਚੰਗੀ ਦਿਲ ਕੇ ਸੂਰ। ੧੫।
ਆਪੇ ਪੀਸੈਂ, ਆਪ ਪਕਾਵੈਂ। ਤੇਤੋ ਬਡੇ ਸਰਦਾਰ ਕਹਾਵੈਂ।
ਜੋਊ ਕਰੈ ਸਿੰਘ ਬਹੁਤੋ ਕੰਮ। 'ਧੰਨ ਧੰਨ' ਕਹੇਂ 'ਸਿੰਘ ਤਿਸੈ ਜੰਮ'। ੧੬।
ਕੋਊ ਕਰੈ ਨਾ ਕਿਸੀ ਸ਼ਰੀਕਾ। ਕੋਈ ਨਾ ਸੁਨਾਵੈ ਦੁਖ ਨਿਜ ਜੀ ਕਾ।
ਕੰਧ ਬਨਾਵੈ ਦੌੜ ਦੌੜ। ਜਿਮ ਬੰਦਰ ਪੁਲ ਬੰਧਤ ਧੋੜ। ੧੭।
ਦੋਹਰਾ–ਚਾਰੇ ਲੰਗਾਂ ਲੇ ਤੁਰੇ ਨਿਸ ਦਿਨ ਨਾਹਿੰ ਥਕਾਇੰ।
ਹੋਲੀ ਹੋਲੀ ਜਿਉਂ ਕਹੈ ਤਿਮ ਤਿਮ ਦੌੜ ਕਮਾਹਿੰ। ੧੮।
ਚੌਪਈ–ਬੁਰਜ ਦਰਵਾਜੇ ਬਨਾਯੋ ਬਡ ਖਾਸ। ਮੰਡਯੋ ਸੋ ਮਰਨੋਂ ਤਿਹ ਥਾਂ ਵਾਸ।
ਜੋ ਲਭਯੋ ਕਿਸ ਖਰਚ ਸੁ ਪਾਯੋ। ਲੁਟਯੋ ਕੁਟਯੋ ਥੋ ਜੋ ਭੁਜ ਚਾਯੋ। ੧੯।
ਚਾਰ ਓਰ ਤਿਹ ਰੌਣੀ ਬਣਾਈ। ਇਮ ਕਰ ਰੌਣੀ ਨਾਮ ਸਦਾਈ।
ਗਿਰਦੇ ਲਏ ਭੁਇ ਮੋਰਚੇ ਪੁਟਾਇ। ਖਾਈ ਲਈ ਅਤਿ ਗਹਰ ਕਰਾਇ। ੨੦।
ਆਪੇ ਪਟੈਂ ਆਪ ਉਸਾਰੈਂ। ਰਾਜ ਮਜੂਰ ਸਿੰਘ ਗੁਰੂ ਪਿਆਰੇ।
ਰਾਤ ਦਿਵਸ ਕਰ ਕੰਧ ਚਿਨਾਈ। ਕਿਛਕੁ ਆਸਰੋ ਲਯੋ ਬਨਾਈ। ੨੧।
ਸਿੰਘ ਪੰਜ ਸੈ ਭਯੋ ਉਹਾਂ ਸਾਰੋ। ਸ਼ਹੀਦ ਹੋਨ ਕੋ ਉਨ ਪ੍ਰਣ ਧਾਰੋ।
ਔਰ ਜਯਾਦ ਕੀ ਜਗਾ ਥੀ ਨਾਹੀਂ। ਇਸ ਬਿਧ ਸਿੰਘ ਵੜੇ ਘਣੇ ਨਾਹੀਂ। (ਸਫਾ ੩੨੫–੨੬)

ਰਾਉਣੀ ਕੋਈ ਕਿਲ੍ਹੇ ਜਾਂ ਕੋਟ ਗੜ੍ਹ ਵਰਗੀ ਮਜ਼ਬੂਤ ਚੀਜ਼ ਨਹੀਂ ਹੁੰਦੀ। ਜਿਵੇਂ ਕਿ ਨਾਮ ਤੋਂ ਹੀ ਸਪੱਸ਼ਟ ਹੈ। ਇਹ ਇਕ ਮਜ਼ਬੂਤ ਦੀਵਾਰ ਹੁੰਦੀ ਹੈ ਜਿਸ ਦੀ ਓਟ ਲੈ ਕੇ ਵੈਰੀ ਨਾਲ ਲੜਦਿਆਂ ਹੋਇਆਂ ਉਸਦੇ ਤੋਪਖ਼ਾਨੇ ਜਾਂ ਘੋੜ-ਸਵਾਰ ਨੇਜ਼ੇ-ਬਰਦਾਰਾਂ ਦੇ ਹਮਲੇ ਤੋਂ ਬਚਿਆ ਜਾ ਸਕਦੈ। ਸਮਝ ਲਿਆ ਜਾਵੇ ਕਿ ਇਹ ਇਕ ਚਾਰ-ਚੁਫੇਰੇ ਕਢੀ ਹੋਈ ਮਜ਼ਬੂਤ ਕੰਧ ਦੀ ਵਲਗਣ ਸੀ, ਜਿਸ ਵਿਚ ਦਰਵਾਜ਼ੇ ਤੇ ਟਾਂਗੂਆਂ ਲਈ ਉਚੇ ਬੁਰਜ ਬਣਾਏ ਗਏ। ਸਾਰੇ ਵਲਗਣ, ਭਾਵ, ਰਾਉਣੀ ਦੇ ਦੁਆਲੇ ਇਕ ਡੂੰਘੀ ਖਾਈ ਪੁੱਟ ਲਈ। ਸ੍ਰੀ ਗੁਰੂ ਰਾਮ ਦਾਸ ਦੇ ਨਾਮ ਉਤੇ ਇਸ ਦਾ ਨਾਮ ਰਾਮ ਰਾਉਣੀ, ਭਾਵ, ਸਤਿਗੁਰੂ ਦੀ ਓਟ (ਵਾਲੀ ਕੰਧ)।

ਰਾਮ ਰਾਉਣੀ ਕੋਈ ਬਹੁਤ ਵੱਡੇ ਰਕਬੇ ਉਤੇ ਨਹੀਂ ਸੀ ਬਣਾਈ ਗਈ। ਇਹ ਸਿਰਫ਼ ੫ ਕੁ ਸੌ ਘੋੜ-ਸਵਾਰਾਂ ਵਾਸਤੇ ਸਿਰ ਲੁਕਾਉਣੀ ਸੀ। ਇੰਨਿਆਂ ਕੁ ਲਈ ਦਾਰੂ ਸਿੱਕਾ ਤੇ ਰਸਦ ਪੱਠਾ ਕੁਝ ਕੁ ਮਹੀਨਿਆਂ ਲਈ ਇਸ ਵਿਚ ਜ਼ਖ਼ੀਰਾ ਹੋ ਸਕਦਾ ਸੀ। ਇਸ ਅੰਦਰ ਸਿਰਲੱਥ ਸੂਰਮੇ ਡੇਰੇ ਲਾ ਕੇ ਬੈਠ ਗਏ ਤੇ ਬਾਕੀ ਦੇ ਸਿੰਘ ਲਾਗੇ ਦੀਆਂ ਬੀੜਾਂ ਅਤੇ ਪਿੰਡਾਂ ਵਿਚ ਜਾ ਰਹੇ, ਜਿਥੋਂ ਲੋੜ ਵੇਲੇ (ਦੁਸ਼ਮਣ ਦੇ ਹਲੇ ਸਮੇਂ) ਬੁਰਜਾਂ ਤੋਂ ਟਾਂਗੂਆਂ ਦੇ ਨਗਾਰਿਆਂ ਦੀ ਅਵਾਜ਼ ਸੁਣਦੇ ਸਾਰ ਪੁਜ ਸਕਣ। ਮੁਗਲ ਸਰਕਾਰ ਨਾਲ ਮਿਥਵੀਂ ਟੱਕਰ ਲੈਣ ਲਈ ਇਹ ਵੀ ਇਕ ਜ਼ਰੂਰੀ ਉਪਰਾਲਾ ਸੀ। ਉਨ੍ਹਾਂ ਲਈ ਇਹ ਸਮੇਂ ਦੀ ਲੋੜ ਸੀ।

**ਮੀਰ ਮੰਨੂੰ ਪੰਜਾਬ ਦਾ ਨਾਜ਼ਿਮ ਬਣਿਆ–**

ਮਾਨੂ ਪੁਰੋਂ ਹਾਰ ਖਾ ਕੇ ਅਹਿਮਦਸ਼ਾਹ ਅਫ਼ਗਾਨਿਸਤਾਨ ਨੂੰ ਮੁੜ ਗਿਆ ਤੇ ਸ਼ਹਿਜ਼ਾਦਾ ਅਹਿਮਦ ਤੇ ਮੀਰ ਮੰਨੂੰ ਸਰਹੰਦ ਹੀ ਟਿਕੇ ਰਹੇ। ਮੁਹੰਮਦ ਸ਼ਾਹ ਨੇ, ਜੋ ਮਰਨ ਕਿਨਾਰੇ ਸੀ, ਜਦ ੯ ਅਪ੍ਰੈਲ ਨੂੰ ਸ਼ਹਿਜਾਦਾ ਅਹਿਮਦ ਨੂੰ ਵਾਪਸ ਸਦ ਘਲਾਇਆ ਤਾਂ ਸ਼ਹਿਜ਼ਾਦੇ ਨੇ ਮੀਰ ਮੰਨੂੰ ਨੂੰ ਪੰਜਾਬ ਦਾ ਹਾਕਿਮ ਥਾਪ ਕੇ ਲਾਹੌਰ ਨੂੰ ਤੋਰ ਦਿਤਾ ਤੇ ਆਪ ਦਿਲੀ ਵਲ ਮੁੜ ਗ਼ਿਆ।

**ਲਖਪਤ ਰਾਏ ਨੂੰ ਕੈਦ–**

ਮੀਰ ਮੰਨੂੰ ਨੇ ਲਾਹੌਰ ਪੁਜ ਕੇ ਅਹਿਮਦ ਸ਼ਾਹ ਦੁਰਾਨੀ ਵਲੋਂ ਨਿਯਤ ਕੀਤੇ ਹਾਕਿਮ ਜਲ੍ਹੇ ਖਾਨ ਅਤੇ ਦੀਵਾਨ



www.AKJ.Org

ਲਖਪਤ ਰਾਏ ਨੂੰ ਕੈਦ ਕਰ ਕੇ ਬੰਦੀਖਾਨੇ ਵਿਚ ਡਕ ਦਿਤਾ।੨ ਲਖਪਤ ਰਾਏ ਨੂੰ ੩੦ ਲਖ ਰੁਪਏ ਜੁਰਮਾਨਾ ਕੀਤਾ ਗਿਆ। ਉਸ ਦੀ ਥਾਂ ਦੀਵਾਨ ਕੌੜਾ ਮੱਲ ਨੂੰ ਆਪਣਾ ਨਾਇਬ ਅਤੇ ਦੀਵਾਨਿ-ਅਦਾਲਤ ਨਿਯਤ ਕੀਤਾ। ੩੦ ਲਖ ਦੀ ਚੱਟੀ ਵਿਚੋਂ ਲਖਪਤ ਰਾਏ ਸਿਰਫ ੧੯ ਲੱਖ ਭਰ ਸਕਿਆ। ਦੋ ਲਖ ਵਿਚ ਉਸਦੇ ਘਰ ਘਾਟ ਤੇ ਹੋਰ ਜਾਇਦਾਦ ਕੁਰਕ ਕਰ ਲਏ ਗਏ। ਬਾਕੀ ਰਹਿੰਦੇ ੧੦ ਲਖ ਬਦਲੇ ਲਖਪਤ ਰਾਏ ਨੂੰ ਉਮਰ ਕੈਦ ਸੁਣਾਈ ਗਈ। ਸਾਰੇ ਲਾਹੌਰ ਸ਼ਹਿਰ ਦੇ ਉਘੇ ਹਿੰਦੂਆਂ ਵਿਚੋਂ ਕੋਈ ਲਖਪਤ ਦੀ ਸਹਾਇਤਾ ਵਾਸਤੇ ਨਾ ਆਇਆ। ਨਾ ਹੀ ਕਿਸੇ ਨੇ ਉਸਦੀ ਹਾਮੀ ਭਰੀ। ਥੋੜਾ ਸਮਾਂ ਪਹਿਲਾਂ ਉਸ ਨੇ ਸ਼ਹਿਰ ਦੇ ਪਤਵੰਤਿਆਂ ਨੂੰ ਨਿਰਾਸ ਕਰ ਕੇ ਮੋੜਿਆ ਸੀ, ਜਦ ਉਹ ਨਿਰਦੋਸ਼ ਸਿਖਾਂ ਦੀ ਕਤਲਾਮ ਤੋਂ; ਜੋ ਉਹ ਸੋਮਾਵਤੀ ਮਸਿਆ ਵਾਲੇ ਦਿਨ ਕਰ ਰਿਹਾ ਸੀ, ਉਸ ਨੂੰ ਮਿੰਨਤਾਂ ਕਰ ਕੇ ਰੋਕਣ ਆਏ ਸਨ।

ਦੀਵਾਨ ਕੌੜਾ ਮੱਲ ਦੀਆਂ ਅੱਖਾਂ ਦੇ ਸਾਹਮਣੇ ਉਹ ਨਜ਼ਾਰੇ ਸਨ ਕਿ ਕਿਵੇਂ ਲਖਪਤ ਆਪਣੀ ਦੀਵਾਨੀ ਸਮੇਂ ਸਿਖਾਂ ਨੂੰ ਅਸਹਿ ਤੇ ਅਕਹਿ ਤਸੀਹੇ ਦੇ ਕੇ ਮਰਵਾਉਂਦਾ ਰਿਹਾ ਸੀ। ਨਾ-ਹੱਕ ਤੇ ਬੇਦੋਸ਼ ਲਾਹੌਰ ਦੇ ਦੁਕਾਨ-ਦਾਰ ਤੇ ਚਕਰੈਲ ਸਿਖਾਂ ਨੂੰ, ਸੋਮਾਵਤੀ ਮਸਿਆ ਵਾਲੇ ਦਿਨ ਮਿਥ ਕੇ ਕਤਲ ਕੀਤਾ ਸੀ। ਉਸਨੂੰ ਇਸ ਘੋਰ ਪਾਪ ਤੋਂ ਵਰਜਣ ਗਇਆਂ ਨੂੰ ਬੇਪਤ ਕਰ ਕੇ ਵਾਪਸ ਮੋੜਿਆ ਗਿਆ ਸੀ। ਲਖਪਤ ਨੇ ਕਿਸੇ ਦੀ ਨਹੀ ਸੀ ਮੰਨੀ। ਸਗੋਂ ਆਪਣੇ ਗੁਰੂ ਜਗਤ ਭਗਤ ਨੂੰ ਵੀ ਪੁਠਾ ਹੀ ਬੋਲਿਆ ਸੀ। ਦੀਵਾਨ ਕੌੜਾ ਮਲ ਨੇ ਮੀਰ ਮੰਨੂੰ ਨੂੰ ਬੇਨਤੀ ਕੀਤੀ ਕਿ ਉਹ ਲਖਪਤ ਦੇ ਜ਼ਿਮੇ ਰਹਿੰਦਾ ੧੦ ਲਖ ਭਰਨ ਨੂੰ ਤਿਆਰ ਹੈ, ਜੇ ਲਖਪਤ ਨੂੰ ਉਸ ਦੇ ਹਵਾਲੇ ਕਰ ਦਿਤਾ ਜਾਵੇ। ਮੀਰ ਮੰਨੂੰ ਨੂੰ ਇਸ ਵਿਚ ਕੀ ਇਤਰਾਜ਼ ਹੋ ਸਕਦਾ ਸੀ? ਲਖਪਤ ਰਾਏ ਦੇ ਹਡਾਂ ਵਿਚੋਂ ੧੦ ਲਖ ਖਰਾ ਹੋ ਗਿਆ। ਦੀਵਾਨ ਕੌੜਾ ਮਲ ਨੇ ਇਹ ਰਕਮ ਭਰ ਦਿਤੀ ਤੇ ਲਖਪਤ ਨੂੰ ਉਸ ਦੇ ਹਵਾਲੇ ਕਰ ਦਿਤਾ ਗਿਆ। ਦੀਵਾਨ ਕੌੜਾ ਮਲ ਨੇ ਉਸ ਨੂੰ ਸਿੰਘਾਂ ਦੇ ਸਪੁਰਦ ਕਰ ਦਿਤਾ।

ਸਿੰਘ ਉਸ ਨੂੰ ਫੜ ਕੇ ਜਥੇ ਵਿਚ ਲੈ ਗਏ। ਉਸ ਨੂੰ ਤਕ ਕੇ ਸਿੰਘਾਂ ਦੀਆਂ ਅਖਾਂ ਵਿਚ ਖ਼ੂਨ ਉਤਰ ਆਇਆ। ਮਨਚਲੇ ਤੇ ਗਰਮ ਸੁਭਾ ਵਾਲੇ ਕਹਿਣ ਕਿ ਇਸ ਦੁਸ਼ਟ ਨੂੰ ਸਾਡੇ ਹਵਾਲੇ ਕਰੋ, ਤਾਕਿ ਇਸ ਦਾ ਪੁਰਜ਼ਾ ਪੁਰਜ਼ਾ ਕਰੀਏ। ਕੁਝ ਕਹਿਣ ਕਿ ਇਸ ਦੀ ਪੁਠੀ ਖਲ ਲਾਹ ਕੇ ਉਤੇ ਲੂਣ ਮਲਿਆ ਜਾਵੇ। ਸਿਆਣਿਆਂ ਕਿਹਾ ਕਿ ਇਸ ਦੇ ਜ਼ੁਲਮ ਦੇ ਮੁਕਾਬਲੇ ਵਿਚ ਇਹ ਸਭ ਸਜ਼ਾਵਾਂ ਮਾਮੂਲੀ ਹਨ। ਇਸ ਦੇ ਅਪ੍ਰਾਧ ਮੂਜਬ ਇਸ ਨੂੰ ਦੰਡ ਮਿਲੇਗਾ। ਸਿੰਘਾਂ ਉਸ ਲਈ ਡੂੰਘਾ ਕੁੰਭਲ ਪੁਟ ਕੇ, ਉਸ ਦੀਆਂ ਮੁਸ਼ਕਾਂ ਬੰਨ੍ਹ ਕੇ ਵਿਚ ਉਤਾਰ ਦਿਤਾ ਤੇ ਉਤੋਂ ਛੱਤ ਕੇ ਸਿਰ ਤੇ ਥੋੜਾ ਜਿਹਾ ਮੋਘਾ ਛਡ ਦਿਤਾ। ਇਕ ਸੰਗਲ ਲੱਕ ਨਾਲ ਮਾਰਿਆ ਹੋਇਆ ਬਾਹਰ ਕਢਕੇ ਬਧਾ ਹੋਇਆ ਸੀ, ਜੋ ਉਹ ਕਿਸੇ ਪਾਸੇ ਹਿਲੇ ਜੁਲੇ ਵੀ ਨਾ। ਸਾਰਿਆਂ ਨੂੰ ਹੁਕਮ ਦਿਤਾ ਗਿਆ ਕਿ ਪਿਸ਼ਾਬ ਤੇ ਜੰਗਲ ਮੈਦਾਨ ਇਸ ਟੱਟੀ-ਖ਼ਾਨੇ ਦੇ ਮੋਘੇ ਉਤੇ ਬੈਠ ਕੇ ਕਰੇ, ਜੋ ਸਿਧਾ ਦੀਵਾਨ ਸਾਹਿਬ ਦੇ ਸਿਰ ਵਿਚ ਡਿਗਦਾ। ਇਸ ਰਸਤੇ ਹੀ ਉਸ ਨੂੰ ਰੋਟੀ ਪਾਣੀ ਸੁਟਿਆ ਜਾਂਦਾ। ਮਹੀਨਿਆਂ ਬਧੀ ਇਹੋ ਹਾਲਤ ਰਹੀ। ਵਿਚੇ ਕੀੜੇ ਚਲ ਗਏ। ਬਲਿਓਂ ਕੁਰਲਾਵੇ, ਪਰ ਬਹੁੜੀ ਕੌਣ ਕਰੇ। ਇੰਜ ਕੋੜ੍ਹੀ ਜੀਵਨ ਭੋਗਦਾ ਹੋਇਆ ਇਹ ਖਤਰੀ, ਜਿਸ ਨੇ ਇਕ ਖਤਰੀ, ਦੇ ਚਲਾਏ ਹੋਏ ਉਸ਼ਟੰਡ ਨੂੰ ਦੁਨੀਆ ਵਿਚੋਂ ਖ਼ਤਮ ਕਰ ਕੇ ਸਿਰ ਤੇ ਪੱਗ ਬੰਨ੍ਹਣ ਦਾ ਬੀੜਾ ਚੁਕਿਆ ਸੀ, ਉਸ ਉਸ਼ਟੰਡ ਦੇ ਟੱਟੀ ਪਿਸ਼ਾਬ ਵਿਚ ਗਲ ਗਲ ਕੇ ਨਰਕ ਸਿਧਾਰ ਗਿਆ। ਉਸੇ ਕੁੰਭਲ ਉਤੇ ਮਿਟੀ ਪਾ ਕੇ ਵਿਚੇ ਦੱਬ ਦਿਤਾ ਗਿਆ। [ਚਲਦਾ]

## ਹਵਾਲੇ ਤੇ ਫੁਟ-ਨੋਟ (੮)

੧. ਮਿਸਟਰ ਗ੍ਰਿਫਨ–ਰਾਜਾਜ਼ ਆਫ ਦੀ ਪੰਜਾਬ–ਸਫਾ ੫੦੧; ਜੱਸਾ ਸਿੰਘ ਬਿਨੋਦ, ਸਫ਼ਾ ੬੯; ਬਾਬਾ ਪ੍ਰੇਮ ਸਿੰਘ–ਨਵਾਬ ਕਪੂਰ ਸਿੰਘ, ਸਫਾ ੧੩੮–੩੯

੨. ਮਾਨੂੰ ਪੁਰ ਦੀ ਲੜਾਈ ਵਿਚ ਦੁਰਾਨੀ ਦੀ ਹਾਰ ਦੀ ਖ਼ਬਰ ਸੁਣ ਕੇ ਲਖਪਤ ਰਾਏ ਨੇ ਜਲ੍ਹੇ ਖਾਨ ਨੂੰ ਇਹ ਸੁਨੇਹਾ ਘਲਾਇਆ ਸੀ, ਤੇਰਾ ਆਗੂ ਹਾਰ ਖਾ ਕੇ ਨੱਸ ਗਿਆ ਹੈ। ਤੇਰੇ ਲਈ ਇਹੋ ਹੀ ਬਿਹਤਰ ਹੈ ਕਿ ਤੂੰ ਵੀ ਬਚ ਕੇ ਕਿਧਰੇ ਨਿਕਲ ਜਾ, ਨਹੀਂ ਤੇ ਕੈਦ ਕਰ ਲਿਆ ਜਾਵੇਂਗਾ। ਇਹ ਸੁਣ ਕੇ ਇਹ ਹਾਕਿਮ ਚੁਪ ਚਾਪ ਲਾਹੌਰੋਂ ਖਿਸਕ ਗਿਆ। ਪਰ ਜਦ ਮੀਰ ਮੰਨੂੰ ਲਾਹੌਰ ਆਇਆ ਤਾਂ ਦੋਹਾਂ ਨੂੰ ਮੁਅਤਲ ਕਰ ਕੇ ਕੈਦ ਕਰ ਲਿਆ ਗਿਆ।

www.AKJ.Org

# ਆਵਾ ਗਉਣ

[ਸ: ਚਰਨ ਸਿੰਘ, ਪੀ.ਈ.ਐਸ-1, ਰੀਟਾਇਰਡ, ੧੨੦੯, ਸੈਕਟਰ ੨੧-ਬੀ, ਚੰਡੀਗੜ੍ਹ]

ਗੁਰਬਾਣੀ ਆਵਾ ਗਉਣ ਨੂੰ ਮੰਨਦੀ ਹੈ। ਪ੍ਰਭੂ ਨੇ ਅਨੇਕ ਪ੍ਰਕਾਰ ਦੀ ਸ੍ਰਿਸ਼ਟੀ ਸਾਜੀ ਹੈ। ਚਉਰਾਸੀ ਲੱਖ ਜੂਨੀਆਂ ਹਨ। ਜੀਵ ਇਹਨਾਂ ਵਿਚ ਪੈ ਕੇ ਆਪਣੇ ਕੀਤੇ ਕਰਮਾਂ ਦਾ ਫਲ ਦੁੱਖ-ਸੁੱਖ ਦੇ ਰੂਪ ਵਿਚ ਭੁਗਤਦਾ ਹੈ। ਅਗਿਆਨਤਾ ਕਾਰਨ ਜਨਮ ਮਰਨ ਦੇ ਚੱਕਰ ਵਿਚੋਂ ਬਾਹਰ ਨਹੀਂ ਨਿਕਲ ਸਕਦਾ।

ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥
ਮਿਲੁ ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਲ ਇਹ ਦੇਹ ਸੰਜਰੀਆ ॥੧॥ਰਹਾਉ॥
ਕਈ ਜਨਮ ਸੈਲ ਗਿਰਿ ਕਰਿਆ ॥ ਕਈ ਜਨਮ ਗਰਭ ਹਿਰਿ ਖਰਿਆ ॥
ਕਈ ਜਨਮ ਸਾਖ ਕਰਿ ਉਪਾਇਆ ॥ ਲਖ ਚਉਰਾਸੀਹ ਜੋਨਿ ਭ੍ਰਮਾਇਆ ॥੨॥
ਸਾਧਸੰਗਿ ਭਇਓ ਜਨਮੁ ਪਰਾਪਤਿ ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥
ਤਿਆਗਿ ਮਾਨੁ ਝੂਠੁ ਅਭਿਮਾਨੁ ॥ ਜੀਵਤ ਮਰਹਿ ਦਰਗਹ ਪਰਵਾਨੁ ॥੩॥
ਜੋ ਕਿਛੁ ਹੋਆ ਸੁ ਤੁਝ ਤੇ ਹੋਗੁ ॥ ਅਵਰੁ ਨ ਦੂਜਾ ਕਰਣੈ ਜੋਗੁ ॥
ਤਾ ਮਿਲੀਐ ਜਾ ਲੈਹਿ ਮਿਲਾਇ ॥ ਕਹੁ ਨਾਨਕ ਹਰਿ ਹਰਿ ਗੁਣ ਗਾਇ ॥੪॥੩॥੭੨॥

(ਗਉੜੀ ਗੁਆਰੇਰੀ ਮ: ੫-੧੭੬)

ਪਿਛਲੇ ਕੁਝ ਸਾਲਾਂ ਦੇ ਦੌਰਾਨ ਵਿਗਿਆਨੀਆਂ ਵਲੋਂ ਇਹ ਖੋਜ ਕੀਤੀ ਗਈ ਕਿ ਜਨਮ ਦੀ ਥਿਉਰੀ ਵਿਚ ਕੋਈ ਸਚਾਈ ਹੈ ਜਾਂ ਨਹੀਂ। ਇਸ ਬਾਰੇ ਮਿਤੀ ੯-੧੧-੮੪ ਦੇ ਅੰਗਰੇਜ਼ੀ ਟ੍ਰਿਬਿਊਨ ਵਿਚ ਸ੍ਰੀਮਤੀ ਡਾਕਟਰ ਸਤਵੰਤ ਪਸੀਚਾ ਦਾ ਬਿਆਨ ਛਪਿਆ ਸੀ। ਡਾਕਟਰ ਪਸੀਚਾ ਨੈਸ਼ਨਲ ਇੰਸਟੀਚਿਊਟ ਆਫ਼ ਮੈਂਟ੍ਲ ਐਂਡ ਨਿਯੂਰੋ ਸਾਇੰਸਿਜ਼ ਵਿਚ ਕੰਮ ਕਰਦੇ ਹਨ। ਉਹਨਾਂ ਇਹ ਬਿਆਨ ਬੈਂਗਲੌਰ ਸਾਇੰਸ ਫ਼ੋਰਮ ਵਿਚ ਦਿਤਾ ਸੀ। ਡਾਕਟਰ ਸਾਹਿਬ ਨੇ ਦਸਿਆ ਹੈ ਕਿ ਸੰਸਾਰ ਦੇ ਵੱਖ ਵੱਖ ਦੇਸ਼ਾਂ—ਏਸ਼ੀਆ, ਉੱਤਰੀ ਅਮਰੀਕਾ, ਯੂਰਪ ਅਤੇ ਅਫ਼ਰੀਕਾ—ਵਿਚ ਅਜਿਹੇ ੧੯੨੪ ਬੱਚਿਆਂ ਦੇ ਕੇਸਾਂ ਦੀ ਜਾਂਚ ਕੀਤੀ ਗਈ ਹੈ ਜਿਹਨਾਂ ਬਾਰੇ ਮਰਨ ਪਿਛੋਂ ਦੁਬਾਰਾ ਜਨਮ ਲੈਣ ਬਾਰੇ ਰਿਪੋਰਟਾ ਮਿਲੀਆਂ ਸਨ। ਇਹਨਾਂ ਕੇਸਾਂ ਵਿਚੋਂ ੩੭੭ ਕੇਸ ਬਰਮਾ ਦੇ ਅਤੇ ੩੦੬ ਕੇਸ ਭਾਰਤ ਦੇ ਸਨ। ਭਾਰਤ ਦੇ ਕੇਸਾਂ ਵਿਚ ੩੦੦ ਕੇਸ ਯੂ. ਪੀ. ਅਤੇ ਰਾਜਿਸਥਾਨ ਦੇ ਸਨ। ਇਹਨਾਂ ਕੇਸਾਂ ਦੀ ਪੜਤਾਲ ਵਖੋ ਵਖ ਰਿਸਰਚ-ਗਰੁੱਪਾਂ ਨੇ ਕੀਤੀ ਸੀ। ਡਾਕਟਰ ਸਾਹਿਬ ਦਾ ਕਹਿਣਾ ਹੈ ਕਿ ਸਾਰੇ ਕੇਸਾਂ ਵਿਚੋਂ ੮੭ ਪ੍ਰਤੀਸ਼ਤ ਕੇਸਾ ਵਿਚ ਬੱਚਿਆਂ ਨੇ ਆਪਣੇ ਪਿਛਲੇ ਜਨਮਾਂ ਦੇ ਹਾਲਾਤ ਠੀਕ ਦਸੇ। ੬੬ ਪ੍ਰਤੀਸ਼ਤ ਬੱਚਿਆਂ ਨੇ ਤਾਂ ਇਹ ਭੀ ਦੱਸ ਦਿਤਾ ਕਿ ਉਹਨਾਂ ਦੀ ਮੌਤ ਕਿਵੇਂ ਹੋਈ ਸੀ। ੪੦ ਪ੍ਰਤੀਸ਼ਤ ਬੱਚਿਆਂ ਦੀ ਮੌਤ ਦੁਰਘਟਨਾਵਾਂ ਕਾਰਨ ਹੋਈ ਅਤੇ ੫੨ ਪ੍ਰਤੀਸ਼ਤ ਦੀ ਮੌਤ ਕੁਦਰਤੀ ਤੌਰ ਤੇ ਸਾਧਾਰਨ ਰੂਪ ਵਿਚ ਹੋਈ। ਅਜਿਹੇ ਬੱਚੇ ੨ ਤੋਂ ੫ ਸਾਲ ਦੀ ਆਯੂ ਵਿਚ ਹੀ ਆਪਣੇ ਪਿਛਲੇ ਜਨਮਾਂ ਦੇ ਹਾਲਾਤ ਦਸਣੇ ਸ਼ੁਰੂ ਕਰ ਦਿੰਦੇ ਹਨ ਅਤੇ ਫਿਰ ਵੱਡੇ ਹੋਣ ਤੇ ਪਿਛਲੇ ਜਨਮਾਂ ਦੇ ਹਾਲਾਤ ਬਾਰੇ ਉਹਨਾਂ ਦਾ ਚੇਤਾ ਖ਼ਤਮ ਹੋ ਜਾਂਦਾ ਹੈ।

ਮਿਤੀ ੧੦-੧੧-੮੪ ਦੇ ਅੰਗਰੇਜ਼ੀ ਟ੍ਰਿਬਿਊਨ ਅਖ਼ਬਾਰ ਵਿਚ ਸ੍ਰੀ ਪ੍ਰਕਾਸ਼ ਕੁਮਾਰ ਵਲੋਂ ਭੇਜੀ ਗਈ ਇਕ ਖ਼ਬਰ ਛਪੀ ਸੀ, ਜੋ ਇਸ ਪ੍ਰਕਾਰ ਹੈ :—

ਸਿੰਮੀ ਛੋਟੀ ਉਮਰ ਦੀ ਇਕ ਬੱਚੀ ਆਪਣੇ ਪਿਛਲੇ ਜਨਮ ਦੇ ਹਾਲਾਤ ਇਸ ਤਰ੍ਹਾਂ ਦਸਦੀ ਹੈ ਕਿ ਉਸ ਦਾ ਪਤੀ ਸ੍ਰੀ ਮੋਹਿੰਦਰ ਸੈਨ ਹੈ, ਜਿਸ ਦੀ ਪਤਨੀ ਸ੍ਰੀਮਤੀ ਕ੍ਰਿਸ਼ਨਾ ੧੯੬੭ ਵਿਚ ਮਰੀ। ਸਿੰਮੀ ਦਾ ਜਨਮ ੧੯੭੬ ਵਿਚ ਹੋਇਆ ਹੈ। ਸ੍ਰੀ ਈਸ਼ਵਰ ਦੱਤ ਪਾਠਕ, ਜੋ ਪੰਜਾਬ ਹੈਲਥ ਵਿਭਾਗ ਵਿਚ ਨੌਕਰੀ ਕਰਦਾ ਹੈ ਅਤੇ ਹਿਮਾਚਲ



www.AKJ.Org

ਪ੍ਰਦੇਸ਼ ਦੇ ਮੰਡੀ ਜ਼ਿਲੇ ਵਿਚ ਸੁੰਦਰ ਨਗਰ ਵਿਚ ਕੰਮ ਕਰਦਾ ਹੈ, ਬੜਾ ਚਿੰਤਾਤੁਰ ਰਹਿੰਦਾ ਹੈ। ਜਦੋਂ ਉਸ ਦੇ ਘਰ ਸਿੰਮੀ ਨੇ ਜਨਮ ਲਿਆ ਸੀ ਤਾਂ ਉਹ ਬੜਾ ਪ੍ਰਸੰਨ ਸੀ, ਪ੍ਰੰਤੂ ਜਦੋਂ ਤੋਂ ਸਿੰਮੀ ਨੇ ਬੋਲਣਾ ਸਿਖਿਆ ਹੈ, ਉਦੋਂ ਤੋਂ ਹੀ ਜਨਮ ਮਰਨ ਦੀ ਥਿਊਰੀ ਦੇ ਭੇਦ ਬਾਰੇ ਸੋਚਾਂ ਵਿਚ ਡੁਬਿਆ ਰਹਿੰਦਾ ਹੈ। ਹੁਣ ਉਸ ਦੀ ਚਿੰਤਾ ਹੋਰ ਭੀ ਵਧ ਗਈ ਹੈ, ਕਿਉਂਕਿ ਸਿੱਮੀ ਸਰੀਰਕ ਤੌਰ ਤੇ ਕਮਜ਼ੋਰ ਹੋਣ ਲੱਗ ਪਈ ਹੈ। ਸਿੱਮੀ ਦਾ ਚੇਤਾ ਪਹਿਲਾਂ ਵਰਗਾ ਹੀ ਹੈ।

ਜਦੋਂ ਸਿੱਮੀ ਦਾ ਜਨਮ ਹੋਇਆ, ਓਦੋਂ ਉਸ ਦੇ ਪਿਤਾ ਨੰਗਲ ਲੱਗੇ ਹੋਏ ਸਨ। ਜਦੋਂ ਸਿੱਮੀ ਨੇ ਬੋਲਣਾ ਸ਼ੁਰੂ ਕੀਤਾ ਤਾਂ ਸਭ ਤੋਂ ਪਹਿਲਾਂ ਉਸਨੇ ਕਿਹਾ ਕਿ ਉਹ ਸੁੰਦਰ ਨਗਰ ਜਾਵੇਗੀ, ਕਿਉਂਕਿ ਉਹ ਆਪਣੇ ਪਤੀ ਅਤੇ ਬੱਚਿਆਂ ਨੂੰ ਮਿਲਣਾ ਚਾਹੁੰਦੀ ਹੈ। ਸਿੱਮੀ ਦੇ ਮਾਤਾ ਪਿਤਾ ਨੂੰ ਉਸਦੀ ਇਸ ਗੱਲ ਦੀ ਕੋਈ ਸਮਝ ਨਾ ਪਈ ਅਤੇ ਉਹਨਾਂ ਨੇ ਉਸ ਨੂੰ ਚੁਪ ਕਰਾ ਦਿਤਾ। ਜਦੋਂ ਸਿੱਮੀ ਕੁਝ ਹੋਰ ਵੱਡੀ ਹੋ ਗਈ ਤਾਂ ਉਸ ਨੇ ਫਿਰ ਆਪਣੇ ਪਿਛਲੇ ਜਨਮ ਦੇ ਸਨਬੰਧੀਆਂ ਨੂੰ ਮਿਲਣ ਦੀ ਇੱਛਿਆ ਪ੍ਰਗਟ ਕੀਤੀ। ਅਕਤੂਬਰ ੧੯੭੯ ਵਿਚ ਸ੍ਰੀ ਈਸ਼ਵਰ ਦੱਤ ਪਾਠਕ ਦੀ ਬਦਲੀ ਸੁੰਦਰ ਨਗਰ ਦੇ ਨੇੜੇ ਸਲੈਪਰ ਦੀ ਹੋ ਗਈ। ਉਹ ਆਪਣੀ ਬਦਲੀ ਤੋਂ ਖੁਸ਼ ਨਹੀਂ ਸੀ, ਪਰੰਤੂ ਉਸ ਦੀ ਪੁਤਰੀ ਸਿੱਮੀ ਬੜੀ ਖੁਸ਼ ਖ਼ੁਸ਼ ਸੀ। ਇਕ ਵਾਰੀ ਪਾਠਕ ਜੀ ਨੂੰ ਸੁੰਦਰ ਨਗਰ ਜਾਣਾ ਪਿਆ। ਉਥੇ ਉਸ ਨੇ ਐਵੇਂ ਹੀ ਕਿਸੇ ਤੋਂ ਸ੍ਰੀ ਮੋਹਿੰਦਰ ਸੈਨ ਬਾਰੇ ਪੁਛਿਆ। ਪਾਠਕ ਜੀ ਬੜੇ ਹੈਰਾਨ ਹੋਏ ਜਦੋਂ ਉਸ ਨੂੰ ਪਤਾ ਲਗਾ ਕਿ ਸ੍ਰੀ ਮੋਹਿੰਦਰ ਸੈਨ ਪਿੰਡ ਬੈਨਾਕ ਵਿਚ ਰਹਿੰਦੇ ਹਨ। ਇਹ ਪਿੰਡ ਸੁੰਦਰ ਨਗਰ ਤੋਂ ਇਕ ਕਿਲੋਮੀਟਰ ਦੂਰ ਹੈ।

ਪਾਠਕ ਜੀ ਨੇ ਸਿੱਮੀ ਨੂੰ ਬੈਨਾਕ ਲੈ ਜਾਣ ਦਾ ਫ਼ੈਸਲਾ ਕਰ ਲਿਆ। ਇਸ ਬਾਰੇ ਉਸ ਪਿੰਡ ਵਿਚ ਪਹਿਲਾਂ ਹੀ ਖ਼ਬਰ ਪਹੁੰਚ ਗਈ ਅਤੇ ਲੋਕਾਂ ਵਿਚ ਚਰਚਾ ਛਿੜ ਗਈ ਕਿ ਹੁਣ ਆਵਾ ਗਉਣ ਦੀ ਥੀਊਰੀ ਦੀ ਪ੍ਰੀਖਿਆ ਹੋ ਜਾਵੇਗੀ। ਪਾਠਕ ਜੀ ਅਤੇ ਸਿੱਮੀ ਦੇ ਉਥੇ ਪਹੁੰਚਣ ਤੋਂ ਪਹਿਲਾਂ ਹੀ ਭਾਰੀ ਇਕੱਠ ਹੋ ਗਿਆ। ਸਿੱਮੀ ਨੇ ਬੜੇ ਸੌਖ ਨਾਲ ਹੀ ਆਪਣੇ ਪਹਿਲੇ ਜਨਮ ਦੇ ਪਤੀ ਸੈਨ ਜੀ ਦਾ ਮਕਾਨ ਲੱਭ ਲਿਆ। ਉਹ ਸੌਣ ਦੇ ਕਮਰੇ ਵਿਚ ਗਈ ਅਤੇ ਉਸਨੇ ਪੁਛਿਆ, ਉਹ ਪੁਰਾਣੀਆਂ ਫੋਟੋਆਂ ਕਿਥੇ ਹਨ ਜਿਨ੍ਹਾਂ ਨਾਲ ਉਸ ਨੇ ਕਮਰੇ ਨੂੰ ਸਜਾਇਆ ਹੋਇਆ ਸੀ। ਸਭ ਤੋਂ ਵਧ ਹੈਰਾਨੀ ਉਦੋਂ ਹੋਈ ਜਦੋਂ ਸਿੱਮੀ ਨੇ ਆਪਣੇ ਪਿਛਲੇ ਜਨਮ ਦੇ ਸਾਰੇ ਪੜੋਸੀਆਂ ਬਾਰੇ ਇਕ ਇਕ ਦਾ ਨਾਂ ਲੈ ਕੇ ਉਹਨਾਂ ਦੀ ਖਬਰ ਸਾਰ ਪੁਛੀ। ਅੰਤ ਵਿਚ ਉਸ ਨੇ ਪੁਛਿਆ ਕਿ ਉਸ ਦੇ ਪੰਜ ਬੱਚੇ ਕਿਥੇ ਹਨ। ਸ੍ਰੀਮਤੀ ਕ੍ਰਿਸ਼ਨਾ ਸੈਨ ਦੀਆਂ ਤਿੰਨ ਪੁਤਰੀਆਂ ਅਤੇ ਦੋ ਪੁਤਰ ਸਨ। ਸਭ ਤੋਂ ਛੋਟੇ ਬੱਚੇ ਨੂੰ ਛੱਡ ਕੇ ਬਾਕੀ ਸਾਰੇ ਬੱਚਿਆਂ ਦੀਆਂ ਸ਼ਾਦੀਆਂ ਹੋ ਚੁਕੀਆਂ ਸਨ। ਸਭ ਤੋਂ ਵੱਡਾ ਪੁਤਰ ਲਿਬੀਆ ਗਿਆ ਹੋਇਆ ਹੈ। ਜਦੋਂ ਸਵਰਗਵਾਸੀ ਸ੍ਰੀਮਤੀ ਕ੍ਰਿਸ਼ਨਾ ਦੀਆਂ ਪੁਤਰੀਆਂ ਨੂੰ ਪਤਾ ਲਗਾ ਕਿ ਉਹਨਾਂ ਦੀ ਸਵਰਗਵਾਸੀ ਮਾਤਾ ਨੇ ਦੁਬਾਰਾ ਜਨਮ ਲਿਆ ਹੈ ਤਾਂ ਉਹ ਸ਼ੀਘਰ ਹੀ ਸਿੱਮੀ ਨੂੰ ਮਿਲਣ ਲਈ ਆਈਆਂ। ਉਹ ਉਸ ਲਈ ਤੋਹਫੇ ਵੀ ਲਿਆਈਆਂ। ਪਰੰਤੂ ਸਿੱਮੀ ਨੇ ਉਹਨਾਂ ਨੂੰ ਕਿਹਾ ਕਿ ਮਾਵਾਂ ਆਪਣੇ ਬੱਚਿਆਂ ਤੋਂ ਤੋਹਫੇ ਨਹੀਂ ਲਿਆ ਕਰਦੀਆਂ।

ਸ੍ਰੀਮਤੀ ਕ੍ਰਿਸ਼ਨਾ ਦੀ ਮਾਤਾ ਅਤੇ ਭਰਾ ਭੀ ਸਲੈਪਰ ਵਿਚ ਰਹਿੰਦੇ ਹਨ। ਉਨ੍ਹਾਂ ਨੇ ਸਿੱਮੀ ਨੂੰ ਆਪਣੇ ਘਰ ਸਦਿਆ ਅਤੇ ਆਪਣੀ ਸਾਰੀ ਜਾਇਦਾਦ ਉਸ ਨੂੰ ਦੇਣ ਲਈ ਕਿਹਾ, ਪਰੰਤੂ ਸਿੱਮੀ ਨੇ ਇਹ ਪ੍ਰਵਾਨ ਨਾ ਕੀਤੀ। ਹੁਣ ਉਸ ਦੇ ਪਹਿਲੇ ਜਨਮ ਦੇ ਸਾਰੇ ਸਨਬੰਧੀ ਉਸ ਨੂੰ ਮਿਲਦੇ ਰਹਿੰਦੇ ਹਨ, ਪਰੰਤੂ ਸ੍ਰੀ ਮੋਹਿੰਦਰ ਸੈਨ ਉਸ ਨੂੰ ਨਹੀਂ ਮਿਲਦਾ। ਉਹ ਆਪਣੇ ਦੂਜੇ ਵਿਆਹ ਦੀ ਪਤਨੀ ਨਾਲ ਰਹਿੰਦਾ ਹੈ। ਸਿੱਮੀ ਨੇ ਸ੍ਰੀ ਪ੍ਰਕਾਸ਼ ਜੀ ਨੂੰ ਕਿਹਾ ਕਿ ਉਹ ਆਪਣੇ ਪਹਿਲੇ ਜਨਮ ਦੇ ਪਰਵਾਰ ਬਾਰੇ ਪੂਰਨ ਤੌਰ ਤੇ ਸੰਤੁਸ਼ਟ ਹੈ, ਪਰੰਤੂ ਉਸ ਦੀ ਇਕ ਇਛਿਆ ਹੈ ਕਿ ਉਸ ਦਾ ਛੋਟਾ ਪੁਤਰ ਪੱਪੂ ਜੀਵਨ ਵਿਚ ਸੈਟ ਹੋ ਜਾਵੇ। ਜਦੋਂ ਸਿੱਮੀ ਦਾ ਪਹਿਲੇ ਜਨਮ ਦਾ ਭਰਾ ਨਾਦੀ ਸਿੰਘ ਉਸ ਨੂੰ ਮਿਲਣ ਆਉਂਦਾ ਹੈ ਤਾਂ ਉਹ ਉਸ ਨੂੰ ਕਹਿੰਦੀ ਹੈ ਕਿ ਪੱਪੂ ਦੀ ਸ਼ਾਦੀ ਦਾ ਪ੍ਰਬੰਧ ਕਰੋ।

ਕਈ ਵਿਅਕਤੀ ਇਸ ਬਾਰੇ ਸੰਦੇਹ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਸਿੱਮੀ ਪਹਿਲੇ ਜਨਮ ਵਿਚ ਸ੍ਰੀਮਤੀ ਕ੍ਰਿਸ਼ਨਾ ਸੈਨ ਸੀ ਤਾਂ ਇਸ ਗੱਲ ਦੀ ਪੜਤਾਲ ਕੀਤੀ ਜਾਵੇ ਕਿ ਸਿੱਮੀ ਦੀ ਆਤਮਾ ੧੯੬੭ ਤੋਂ ੧੯੭੬ ਤਕ ਕਿਥੇ ਰਹੀ। ਸ੍ਰੀਮਤੀ ਕ੍ਰਿਸ਼ਨਾ ਸੈਨ ਦੀ ਮ੍ਰਿਤੂ ੧੯੬੭ ਵਿਚ ਹੋਈ ਸੀ, ਪਰੰਤੂ ਸਿੱਮੀ ਦਾ ਜਨਮ ੧੯੭੬



www.AKJ.Org

ਵਿਚ ਹੋਇਆ ਹੈ। ਉਸ ਬਾਰੇ ਸਿੱਮੀ ਕੇਵਲ ਇਤਨਾ ਹੀ ਦਸਦੀ ਹੈ ਕਿ ਉਹ ਇਸ ਸਮੇਂ ਦੇ ਦੌਰਾਨ ਸ੍ਰੀ ਬੁਧੀ ਸਿੰਘ ਦੇ ਘਰ ਰਹੀ ਹੈ। ਇਸ ਤੋਂ ਵਧ ਉਹ ਹੋਰ ਕੁਝ ਨਹੀਂ ਦਸਦੀ। ਪਾਠਕ ਜੀ ਦਾ ਵਿਸ਼ਵਾਸ ਹੈ ਕਿ ਇਸ ਸਮੇਂ ਦੇ ਦੌਰਾਨ ਸਿੱਮੀ ਕਿਸੀ ਸਿੱਖ ਘਰਾਣੇ ਵਿਚ ਰਹੀ ਹੈ। ਉਸ ਦੇ ਵਿਸ਼ਵਾਸ ਦੀ ਪੁਸ਼ਟੀ ਇਸ ਗੱਲ ਤੋਂ ਹੁੰਦੀ ਹੈ ਕਿ ਸਿੱਮੀ ਧਾਰਮਕ ਰੁਚੀ ਰਖਦੀ ਹੈ। ਜਦੋਂ ਸ਼ਬਦ ਕੀਰਤਨ ਹੁੰਦਾ ਹੈ ਤਾਂ ਸ਼ਬਦ ਕੀਰਤਨ ਸੁਣ ਕੇ ਉਸ ਦੀ ਸਮਾਧੀ ਲਗ ਜਾਂਦੀ ਹੈ ਅਤੇ ਉਹ ਕਈ ਕਈ ਘੰਟੇ ਲਗਾਤਾਰ ਸ਼ਬਦ ਕੀਰਤਨ ਸੁਣਦੀ ਰਹਿੰਦੀ ਹੈ। ਉਹ ਹਰ ਰੋਜ਼ ਸਲੈਪਰ ਦੇ ਗੁਰਦੁਆਰੇ ਵਿਚ ਜਾਂਦੀ ਹੈ ਅਤੇ ਆਪਣਾ ਸ਼ਾਮ ਦਾ ਸਮਾਂ ਉਥੇ ਹੀ ਬਿਤਾਂਦੀ ਹੈ, ਜਦੋਂ ਕਿ ਉਸ ਦੀ ਆਪਣੀ ਉਮਰ ਦੇ ਹੋਰ ਬੱਚੇ ਖੇਡਾਂ ਖੇਡਣ ਵਿਚ ਲਗੇ ਰਹਿੰਦੇ ਹਨ।

ਸਿੱਮੀ ਵਰਗੇ ਹੋਰ ਭੀ ਬਹੁਤ ਸਾਰੇ ਕੇਸਾਂ ਬਾਰੇ ਅਖਬਾਰਾਂ ਵਿਚ ਖਬਰਾਂ ਆਮ ਛਪਦੀਆਂ ਰਹਿੰਦੀਆਂ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤ੍ਰ ਨਾਟਕ ਅਧਿ: ੬ ਵਿਚ ਆਪਣੇ ਪਿਛਲੇ ਜਨਮ ਦਾ ਪਤਾ ਦਿਤਾ ਹੈ ਕਿ ਉਨ੍ਹਾਂ ਨੇ ਪਿਛਲੇ ਜਨਮ ਵਿਚ ਹੇਮਕੁੰਟ ਪਰਬਤ ਪਰ ਬੜੀ ਘੋਰ ਤਪੱਸਿਆ ਕੀਤੀ। ਤਪੱਸਿਆ ਜਿਸ ਅਸਥਾਨ ਤੇ ਕੀਤੀ ਗਈ ਹੈ ਉਸ ਦਾ ਨਾਮ ਸਪਤ ਸ੍ਰਿੰਗ ਹੈ। ਇਸ ਬਾਰੇ ਵੇਰਵਾ ਇਸ ਪ੍ਰਕਾਰ ਦਸਿਆ ਹੈ—

ਅਬ ਮੈ ਅਪਨੀ ਕਥਾ ਬਖਾਨੋ ॥ ਤਪ ਸਾਧਤ ਜਿਹ ਬਿਧਿ ਮੁਹਿ ਆਨੋ ॥
ਹੇਮਕੁੰਟ ਪਰਬਤ ਹੈ ਜਹਾਂ ॥ ਸ਼ਪਤ ਸ੍ਰਿੰਗ ਸੋਭਿਤ ਹੈ ਤਹਾਂ ॥੧॥
ਸਪਤ ਸ੍ਰਿੰਗ ਤਿਹ ਨਾਮੁ ਕਹਾਵਾ ॥ ਪੰਡੁ ਰਾਜ ਜਹ ਜੋਗ ਕਮਾਵਾ ॥
ਤਹ ਹਮ ਅਧਿਕ ਤਪੱਸਿਆ ਸਾਧੀ ॥ ਮਹਾਂ ਕਾਲ ਕਾਲਿਕਾ ਅਰ ਧੀ ॥੨॥
ਇਹ ਬਿਧਿ ਕਰਤ ਤਪੱਸਿਆ ਭਯੋ ॥ ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥
ਤਾਤ ਮਾਤ ਮੁਰ ਅਲਖ ਅਰਾਧਾ ॥ ਬਹੁ ਬਿਧਿ ਜੋਗ ਸਾਧਨਾ ਸਾਧਾ ॥੩॥
ਤਿਨ ਜੋ ਕਰੀ ਅਲਖ ਕੀ ਸੇਵਾ ॥ ਤਾ ਤੇ ਭਏ ਪ੍ਰਸੰਨ ਗੁਰਦੇਵਾ ॥
ਤਿਨ ਪ੍ਰਭ ਜਬ ਆਇਸ ਮੁਹਿ ਦੀਆ ॥ ਤਬ ਹਮ ਜਨਮ ਕਲੂ ਮਹਿ ਲੀਆ ॥੪॥

['ਗੁਰਬਾਣੀ ਇਸੁ ਜਗ ਮਹਿ ਚਾਨਣੁ' ਵਿਚੋਂ]

## ਸਿੱਖ ਇਕ ਵੱਖਰੀ ਕੌਮ

[ਸ: ਤੇਗ ਬਹਾਦਰ ਸਿੰਘ ਤੇਗ]

ਦਸਮੇਸ਼ ਮ੍ਰਿਗੇਸ਼ ਗੁਰੂ ਗੋਬਿੰਦ ਸਿੰਘ—
ਦੀ ਅਸੀਂ ਔਲਾਦ ਹਾਂ।
'ਸਿੱਖ' ਇੱਕ ਵੱਖਰੀ ਕੌਮ ਹਾਂ।
ਭਾਵੇਂ ਘੱਟ-ਗਿਣਤੀ ਹਾਂ।
ਸ਼ੇਰਾਂ ਦੀ ਗਿਣਤੀ,
ਸਦਾ ਹੀ ਘੱਟ ਹੁੰਦੀ ਹੈ।
ਸਾਡੀ ਰਹਿਣੀ ਬਹਿਣੀ ਤੇ ਕਹਿਣੀ,
ਸਾਡੇ ਸ਼ਸਤਰ ਤੇ ਬਸਤਰ,
ਸਾਡੇ ਧਾਰਮਿਕ ਗ੍ਰੰਥ,
ਸਾਡੇ ਧਾਰਮਿਕ ਅਸਥਾਨ,
ਸਾਡਾ ਗੁਰੂ, ਸਾਡਾ ਇਤਿਹਾਸ,
ਕਿਸੇ ਦੂਜੀ ਕੌਮ ਦਾ ਮੁਥਾਜ ਨਹੀਂ।
ਇਹ ਸਭ ਕੁਝ,
ਵੱਖਰੀ ਕੌਮ ਦਾ ਪ੍ਰਤੀਕ ਹੈ।
ਸਿੱਖ ਇੱਕ ਵੱਖਰੀ ਕੌਮ,
ਅਟੱਲ ਸਚਾਈ, ਮੁੱਕਰੇ ਕੋਣ?
ਗੱਲ 'ਵੱਖਰੀ ਹੋਂਦ' ਦੀ ਹੈ,
ਵੱਖਰੇ ਹੋਣ ਦੀ ਨਹੀਂ।
ਅਸੀਂ ਭਾਰਤੀ ਹਾਂ,
ਭਾਰਤ ਸਾਡਾ ਦੇਸ਼ ਹੈ।
ਇਥੇ ਹੀ ਜੰਮੇ ਹਾਂ,
ਇਥੇ ਹੀ ਮਰਨਾ ਹੈ।
ਭਾਰਤ ਵਿਚ ਹੀ ਰਹਿਣ ਦੇ ਇੱਛਕ ਹਾਂ।


www.AKJ.Org

# ਕੀ "ਸਿੱਖ ਇਕ ਵਖਰੀ ਕੌਮ" ਹੋਣਾ ਗੁਨਾਹ ਹੈ ?

[ਸ: ਨਰੈਣ ਸਿੰਘ ਜੀ ਐਮ. ਏ., ਸਕੱਤਰ, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਜਿਸ ਤਰ੍ਹਾਂ ਅਸੀਂ ਪਿਛੇ ਭੀ ਲਿਖ ਚੁਕੇ ਹਾਂ ਅਤੇ ਜਿਸ ਦੀ ਤਸਦੀਕ ਆਪਣੇ ਮਰਨ ਕਾਲ ਤੋਂ ਪਹਿਲੋਂ ਸ: ਹੁਕਮ ਸਿੰਘ ਸਾਬਕਾ ਸਪੀਕਰ ਲੋਕ ਸਭਾ ਵਲੋਂ ਭੀ ਕੀਤੀ ਗਈ ਦਸੀ ਜਾਂਦੀ ਹੈ (ਜੋ ਬਿਆਨ ਉਨ੍ਹਾਂ ਨੇ ਸ਼ਾਇਦ ਆਪਣੇ ਪਿਛਲੇ ਧੋਣੇ ਧੋਣ ਲਈ ਹੀ ਦਿਤਾ ਹੋਵੇ), ਇੰਦਰਾ ਕਾਂਗ੍ਰਸ ਸਿਖਾਂ ਨੂੰ ਘਟੋ ਘਟ ਪੰਜਾਹ ਸਾਲ ਲਈ ਮੁੜ ਕੇ ਸਿਰ ਨ ਚੁਕ ਸਕਣ ਜੋਗਾ ਬਣਾ ਦੇਣ ਲਈ, ਪਾਕਿਸਤਾਨ ਜੰਗ ਛੇੜ ਕੇ ਭਾਰਤੀ ਫੌਜਾਂ ਨੂੰ ਬਾਰਡਰ ਤੋਂ ਏਨਾ ਕੁ ਪਿਛੇ ਲੈ ਜਾਣ ਦੀ ਵਿਉਂਤ ਕੀਤੇ ਹੋਏ ਸੀ, ਜਿਸ ਨਾਲ ਸਿਖ-ਪੰਜਾਬ (ਅੰਮ੍ਰਿਤਸਰ ਤੋਂ ਪਟਿਆਲੇ ਤਥਾ ਅੰਬਾਲੇ ਤਕ) ਦਲੀਆ ਮਲੀਆ ਹੋ ਜਾਵੇ। ਪਰ ਕਿਸੇ ਦਾ ਮੰਦਾ ਚਿਤਵਨ ਵਾਲਾ ਆਪਣਾ ਹੀ ਮੰਦਾ ਕਰ ਰਿਹਾ ਹੁੰਦਾ ਹੈ, ਇਹ ਗੱਲ ਕੋਈ ਵਿਰਲਾ ਹੀ ਸਮਝਦਾ ਹੈ।

ਭਾਵੇਂ ਪਾਕਿਸਤਾਨ ਨੇ ਭਾਰਤ ਸਰਕਾਰ ਦੀ ਸਿਖ ਕਤਲਾਮ (genocide) ਦੀ ਵਿਉਂਤ ਨੂੰ ਸਿਰੇ ਲਾਉਣ ਵਿਚ ਸਹਾਇਤਾ ਨ ਕੀਤੀ, ਪਰ ਸਿਖਾਂ ਨੂੰ ਸਬਕ ਸਿਖਾਉਣਾ ਤਾਂ ਜ਼ਰੂਰੀ ਸੀ, ਸੋ ਇੰਦਰਾ ਸਰਕਾਰ ਨੇ ਪਹਿਲੋਂ ਅੰਮ੍ਰਿਤਸਰ ਅਤੇ ਹੋਰ ਸਿਖ ਗੁਰਦੁਆਰਿਆਂ ਅੰਦਰ ਅਤੇ ਫਿਰ ਸਾਰੇ ਭਾਰਤ ਦੀ ਸਿਖ ਵਸੋਂ ਵਾਲੇ ਥਾਵੇਂ ਉਹੋ ਕੁਝ ਕੀਤਾ ਜੋ ਉਹ ਪਾਕਿਸਤਾਨ ਨੂੰ ਵਿਚ ਪਾ ਕੇ ਕਰਨਾ ਚਾਹੁੰਦੀ ਸੀ, ਕਿਉਂਕਿ ਸਿਖਾਂ ਨੂੰ ਸਬਕ ਤਾਂ ਸਿਖਾਉਣਾ ਹੀ ਸਿਖ ਉਣਾ ਸੀ।

ਇਹ ਆਮ ਹੀ ਹੋਇਆ ਕਰਦਾ ਹੈ ਕਿ ਜਦੋਂ ਕਿਸੇ ਨੂੰ ਕੋਈ ਕਰਾਰੀ ਸੱਟ ਮਾਰੀ ਜਾਏ ਤਾਂ ਉਸ ਨੂੰ ਉਸ ਦੇ ਪੁਰਾਣੇ ਭੁੱਲੇ ਵਿਸਰੇ ਦੁਖੜੇ ਵੀ ਚੇਤੇ ਆ ਜਾਂਦੇ ਹਨ, ਜੇ ਸੱਟ ਮਾਰਨ ਵਾਲੇ ਦੇ ਉਲਟ ਤੂਫਾਨ ਜਿਹਾ ਖੜਾ ਕਰ ਦੇਂਦੇ ਹਨ। ਅਜਿਹੀ ਗੱਲ ਹੀ ਸਿਖਾਂ ਨਾਲ ਵਾਪਰੀ ਅਤੇ ਸਾਰੇ ਰੰਜ, ਜੋ ਉਨ੍ਹਾਂ ਦੇ ਅੰਦਰ ਭਰੇ ਹੋਏ ਸਨ, ਅੱਗ ਵਰਸਾਉਂਦੇ ਪਹਾੜ ਦੇ ਲਾਵੇ ਵਾਂਗ ਉੱਭਰ ਪਏ। ਸਿਖ ਨੂੰ ਮਹਿਸੂਸ ਹੋਇਆ ਕਿ ਸਿਖ, ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਤੀਸਰਾ ਪੰਥ ਚਲਾਇਆ' ਅਤੇ 'ਅਕਾਲ ਪੁਰਖ ਕੀ ਫੌਜ' ਕਹਿ ਕੇ ਨਿਆਰੇ ਹੋਣ ਦਾ ਮਾਣ ਬਖਸ਼ਿਆ ਸੀ ਅਤੇ ਜਿਸ ਦੇ ਨਿਆਰੇਪਣ ਨੂੰ ਦੇਸ਼ ਦੀਆਂ ਮੁਗਲ, ਪਠਾਣ ਤੇ ਅੰਗਰੇਜ਼ ਹਕੂਮਤਾਂ ਤਸਲੀਮ ਕਰਦੀਆਂ ਆਈਆਂ ਸਨ ਅਤੇ ਜਿਸ ਦਾ ੧੯੪੭ ਦੀ ਦੇਸ਼-ਵੰਡ ਸਮੇਂ ਭੀ ਅੰਗਰੇਜ਼ ਨੇ ਅਡਰੀ ਤੀਜੀ ਕੌਮ ਹੋਣਾ ਸਵੀਕਾਰ ਕੀਤਾ ਸੀ, ਦੇਸ਼ ਦੇ ਵਿਧਾਨ ਅੰਦਰ ਬੋਧੀਆਂ, ਜੈਨੀਆਂ ਵਾਂਗ ਹਿੰਦੂ ਕੌਮ ਦਾ ਇਕ ਫਿਰਕਾ ਕਰਾਰ ਦੇ ਦਿੱਤਾ ਗਿਆ ਹੈ। ਇਸ ਗੱਲ ਨੇ ਸਿਖਾਂ ਨੂੰ ਇਹ ਕਹਿਣ ਲਈ ਮਜਬੂਰ ਕੀਤਾ ਹੈ ਕਿ ਉਹ ਹਿੰਦੂ ਨਹੀਂ, ਬਲਕਿ ਇਕ ਵਖਰੀ ਕੌਮ ਹਨ; ਜਿਸ ਤੋਂ ਸਿਖਾਂ ਉਤੇ ਉਨ੍ਹਾਂ ਦੇ ਵਖਵ ਦੀ ਹੋਣ ਦਾ ਦੋਸ਼ ਲਾਇਆ ਗਿਆ ਹੈ ਅਤੇ ਬਾਵਜੂਦ ਇਸ ਗੱਲ ਦੇ ਕਿ ਸਿਖਾਂ ਦੀ ਨੁਮਾਇੰਦਾ ਜਮਾਤ ਅਕਾਲੀ ਦਲ ਨੇ ਵਾਰ ਵਾਰ ਇਹ ਕਿਹਾ ਹੈ ਕਿ ਸਿਖ ਭਾਰਤ ਦਾ ਅੰਗ ਹਨ ਅਤੇ ਅੰਗ ਰਹਿਣਗੇ, ਹਿੰਦੂ ਪ੍ਰੈਸ ਅਤੇ ਕਾਂਗ੍ਰਸ, ਸਿਖਾਂ ਦੇ ਵਖਵਾਦੀ ਹੋਣ ਦੀ ਰਟ ਲਾਈ ਜਾਂਦੇ ਹਨ, ਪ੍ਰੰਤੂ ਆਪਣੀ ਗ਼ਲਤੀ ਕਿ 'ਸਿੱਖ ਹਿੰਦੂਆਂ ਦਾ ਇਕ ਫ਼ਿਰਕਾ ਹਨ,' ਨੂੰ ਸੋਧਣ ਲਈ ਤਿਆਰ ਨਹੀਂ। ਇਉਂ ਕਹਿ ਕੇ ਉਹ ਸਿਖਾਂ ਦੇ, ਦੇਸ਼ ਦੀ ਇਕ Minority (ਘਟ-ਗਿਣਤੀ ਕੌਮ) ਹੋਣ ਦੇ ਹੱਕ ਨੂੰ ਚੈਲੰਜ ਕਰਨਾ ਚਾਹੁੰਦੇ ਹਨ, ਤਾਂਕਿ ਘਟ-ਗਿਣਤੀ ਹੋਣ ਦੇ ਨਾਤੇ ਸਿੱਖ ਵਖਰੇ ਹੱਕ ਨ ਮੰਗ ਸਕਣ। ਪਰ ਝੂਠੇ ਦੀ ਚੇਤਾ-ਸ਼ਕਤੀ ਮਾਰੀ ਜਾਇਆ ਕਰਦੀ ਹੈ। ਇਨ੍ਹਾਂ ਨੂੰ ਇਹ ਭੁੱਲ ਗਿਆ ਹੈ ਕਿ ਜੇ ਸਿਖ ਹਿੰਦੂਆਂ ਦਾ ਹੀ ਫਿਰਕਾ ਸਨ ਤਾਂ ਪਛੜੀਆਂ ਜ਼ਾਤੀਆਂ, ਜਿਨ੍ਹਾਂ ਦਾ ਹਿੰਦੂ ਹੋਣਾ ਇਨ੍ਹਾਂ ਦ੍ਰਿੜ੍ਹ ਕੀਤਾ ਹੋਇਆ ਹੈ, ਵਿਚੋਂ ਸਿੱਖੀ ਅੰਦਰ ਪਰਵੇਸ਼ ਕੀਤੇ ਆਦਮੀਆਂ ਨੂੰ ਪਛੜੀਆਂ ਸ਼੍ਰੇਣੀਆਂ ਵਾਲੀਆਂ ਵਿਸ਼ੇਸ਼ ਰਿਆਇਤਾਂ ਦੇਣ ਤੋਂ ਕਿਉਂ ਇਨਕਾਰ ਕੀਤਾ ਗਿਆ ਸੀ, ਜਿਸ ਇਨਕਾਰ ਨੇ ਲੱਖਾਂ ਸਿਖ ਬਣ ਚੁਕੇ ਪਛੜੀ ਸ਼੍ਰੇਣੀ ਦੇ ਬੰਦਿਆਂ ਨੂੰ ਸਿੱਖੀ ਤਿਆਗ ਦੇਣ ਲਈ ਮਜਬੂਰ ਕੀਤਾ।

ਫਿਰ ਹੋਰ ਲਓ : ਸਿੱਖ, ਜਿਨ੍ਹਾਂ ਦੀ ਫੌਜ ਅੰਦਰ ਭਰਤੀ ਅੰਗਰੇਜ਼ ਸਰਕਾਰ ਵੇਲੇ ੩੦ ਫ਼ੀ ਸਦੀ ਦੇ ਕਰੀਬ



www.AKJ.Org

ਸੀ ਅਤੇ ਦੇਸ਼ ਆਜ਼ਾਦ ਹੋਣ ਪਿਛੋਂ ੧੨ ਫ਼ੀ ਸਦੀ ਤਕ ਚਲੀ ਗਈ ਦਸੀ ਜਾਂਦੀ ਹੈ, ਨੂੰ ੧੯੭੪ ਵਿਚ ਫ਼ੌਜੀ ਭਰਤੀ ਦਾ ਤਨਾਸਬ ਮੁਕੱਰਰ ਕਰਦੇ ਹੋਏ ਪੰਜਾਬ ਵਿਚ ਉਸ ਦੀ ਆਬਾਦੀ ਅਨੁਸਾਰ ੧.੮ ਫ਼ੀ ਸਦੀ ਕੀਤਾ ਗਿਆ ਹੈ। ਜੇ ਸਿਖ ਹਿੰਦੂ ਦਾ ਹੀ ਫ਼ਿਰਕਾ ਹਨ ਤਾਂ ਫੌਜੀ ਭਰਤੀ ਵੇਲੇ ਸਿਖਾਂ ਦਾ ਹਿੰਦੂ ਤੋਂ ਨਿਖੇੜਾ ਕਿਉਂ ? ਹਾਲਾਂ ਕਿ ਇਹ ਭੀ ਮੰਨਿਆ ਗਿਆ ਹੋਇਆ ਹੈ ਕਿ ਸਿਖ ਦੇਸ਼ ਦੀ ਇਕ ਮਾਰਸ਼ਲ ਕੌਮ ਹੈ। ਘਟ-ਗਿਣਤੀ ਦੇ ਹੱਕ ਮੰਗਣਾ ਸਿਖਾਂ ਲਈ ਜਾਇਜ਼ ਨਹੀਂ, ਕਿਉਂਕਿ ਸਿਖਾਂ ਨੂੰ ਵਖਰੀ ਕੌਮ ਨਹੀਂ ਕਿਹਾ ਜਾ ਸਕਦਾ, ਪਰੰਤੂ ਫ਼ੌਜੀ ਭਰਤੀ ਵਿਚ ਸਿਖਾਂ ਦੀ ਗਿਣਤੀ ਘਟ ਕਰਨ ਲਈ ਸਿਖਾਂ ਨੂੰ ਵਖਰੀ ਕੌਮ ਦਰਸਾਇਆ ਜਾਂਦਾ ਹੈ, ਉਨ੍ਹਾਂ ਦੀ ਆਬਾਦੀ ਅਨੁਸਾਰ ਉਨ੍ਹਾਂ ਦੀ ਭਰਤੀ ਲਈ ਜੋਂਦੀ ਹੈ। ਇਹ ਹੈ ਸਤਾਧਾਰੀ ਪਾਰਟੀ ਦਾ ਇਨਸਾਫ਼ !

ਭਾਰਤ ਦੀ ਹਿੰਦੂ ਸਰਕਾਰ, ਹਿੰਦੂ ਪ੍ਰੈਸ ਅਤੇ ਸਮੂਚੇ ਤੌਰ ਤੇ ਹਿੰਦੂ ਜਾਤੀ ਦੇ ਅਜਿਹੇ ਰਵੱਈਏ ਤੇ ਕਾਂਗ੍ਰਸੀ ਲੀਡਰਾਂ ਦੇ ਵਿਸਾਹਘਾਹ ਤੇ ਸੁਪ੍ਰੀਮ ਕੋਰਟ ਦੇ ਜਜ ਦੀ ਪ੍ਰਧਾਨਗੀ ਹੇਠ ਬਣੀ ਸ਼ਾਹ ਕਮਿਸ਼ਨ ਦੀ ਪੰਜਾਬ ਦੀ ਵੰਡ ਸੰਬੰਧੀ ਰੀਪੋਰਟ ਨੇ, ਇਨ੍ਹਾਂ ਉਪਰ ਸਿਖਾਂ ਦੇ ਬਣੇ ਵਿਸ਼ਵਾਸਾਂ ਨੂੰ ਕਾਰੀ ਚੋਟ ਲਾਈ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ੨੦ ਜੁਲਾਈ ੧੯੬੬ ਦੀ ਇਕਤ੍ਰਤਾ ਵਿਚ ਇਹ ਪਾਸ ਕੀਤਾ ਕਿ–

"ਵਿਸ਼ੇਸ਼ ਸਿਖ ਭਲ ਈ ਦੇ ਮਸਲਿਆਂ ਦੇ ਨਜਿਠਣ ਹਿਤ ਬਣੇ ਅਦਾਲਤੀ ਅਤੇ ਨੀਮ ਅਦਾਲਤੀ ਟ੍ਰੀਬਯੂਨਲਾਂ ਅਤੇ ਫ਼ੋਰਮਾਂ ਵਲੋਂ ਦਿਤੇ ਗਏ ਨਤੀਜਿਆਂ ਬਾਰੇ ਪ੍ਰਕਾਸ਼ਤ ਕੀਤੀਆਂ ਰੀਪੋਰਟਾਂ ਅਤੇ ਫ਼ੈਸਲਿਆਂ ਨੂੰ ਪੂਰੇ ਗ਼ੌਰ ਨਾਲ ਵਿਚਾਰਦੇ ਹੋਏ ਅਕਾਲੀ ਦਲ ਇਸ ਸਿੱਟੇ ਤੇ ਪੁਜਾ ਹੈ ਕਿ ਆਜ਼ਾਦ ਭਾਰਤ ਦੀ ਸਮੁਚੀ ਅਦਾਲਤੀ ਮਸ਼ੀਨਰੀ ਅਤੇ ਉਸ ਵਲੋਂ ਕੀਤੀ ਅਦਾਲਤੀ ਘੋਖ, ਸਿਆਸਤ-ਗ੍ਰਸਤ ਹਿੰਦੂਆਂ ਦੇ ਟੋਲੇ ਦੇ ਅਸਰ ਹੇਠ ਕੀਤੀ ਗਈ ਹੈ, ਅਤੇ ਇਹ ਅਦਾਲਤੀ ਘੋਖ ਸਿਖਾਂ ਦੇ ਹੱਕੀ ਤੇ ਕਾਨੂੰਨ-ਅਧਾਰਤ ਹਕੂਕ ਸੰਬੰਧੀ ਪੱਖਪਾਤੀ ਰਵੱਈਏ ਨਾਲ ਕੀਤੀ ਗਈ ਹੈ, ਅਤੇ ਜੋ ਸਿਖ ਮੁਫ਼ਾਦ ਦੇ ਉਲਟ ਹੈ।"

ਇਹ ਪੰਜਾਬ ਦੀ ਬਦਕਿਸਮਤੀ ਹੈ ਕਿ ਪੰਜਾਬ ਅੰਦਰ ਸਿਖ ਵਸਦੇ ਹਨ, ਵਰਨਾ ਪੰਜਾਬੀ ਭਾਸ਼ਾ ਦਾ ਸੂਬਾ ਭੀ ਦੇਸ਼ ਦੇ ਬਾਕੀ ਸੂਬਿਆਂ ਦੇ ਨਾਲ ਹੀ ਬਣ ਜਾਣਾ ਸੀ ਅਤੇ ਹੁਣ ਜਦੋਂ ਇਹ ਬਣਿਆ ਹੀ ਬਣਿਆ ਹੈ ਤਾਂ ਇਸ ਨੂੰ ਕਮਜ਼ੋਰ ਕਰਨ ਲਈ ਲਖੂਖਹਾ ਪੰਜਾਬੀ ਬੋਲਦੇ ਲੋਕਾਂ ਨੂੰ ਇਸ ਸੂਬੇ ਤੋਂ ਬਾਹਰ ਕਢ ਦਿਤਾ ਗਿਆ ਹੈ ਅਤੇ ਉਨ੍ਹਾਂ ਦੀ ਮਾਂ-ਬੋਲੀ ਤੋਂ ਦੂਰ ਕਰਨ ਲਈ ਉਨ੍ਹਾਂ ਲਈ ਪੰਜਾਬੀ ਨੂੰ ਦੂਜੀ ਬੋਲੀ ਦਾ ਥਾਂ ਭੀ ਨਹੀਂ ਦਿਤਾ ਗਿਆ, ਸਗੋਂ ਉਨ੍ਹਾਂ ਉਪਰ ਮੱਲੋ ਮੱਲੀ ਹਿੰਦੀ ਠੋਸੀ ਜਾ ਰਹੀ ਹੈ। ਇਸ ਤੋਂ ਇਲਾਵਾ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਜੋ ਪੰਜਾਬ ਪਾਸੋਂ ਲਾਹੌਰ ਖੋਹੇ ਜਾਣ ਕਾਰਨ ਪੰਜਾਬ ਵਾਸਤੇ ਉਸਾਰੀ ਗਈ ਸੀ, ਇਸ ਤੋਂ ਖੋਹੀ ਗਈ ਹੈ ਅਤੇ ਹੁਣ ਸ਼ਰਤ ਲਾਈ ਗਈ ਕਿ ਜੇ ਪੰਜਾਬ ਨੇ ਚੰਡੀਗੜ੍ਹ ਲੈਣਾ ਹੈ ਤਾਂ ਅਬੋਹਰ ਤੋਂ ਫਾਜ਼ਿਲਕਾ ਦੇ ਇਲਾਕੇ, ਜੋ ਪੰਜਾਬੀ ਹਨ ਤੇ ਹਰਿਆਣੇ ਦੇ ਨਾਲ ਲਗਵੇਂ ਭੀ ਨਹੀਂ, ਸਗੋਂ ਕਈ ਮੀਲ ਦੂਰ ਹਨ, ਹਰਿਆਣੇ ਨੂੰ ਦਿਤੇ ਜਾਣ।

ਏਥੇ ਹੀ ਬਸ ਨਹੀਂ, ਪੰਜਾਬ ਦੇ ਦਰਿਆਵਾਂ ਰਾਵੀ ਤੇ ਬਿਆਸ ਦੇ ਪਾਣੀਆਂ ਦਾ ਵਧੇਰਾ ਹਿਸਾ ਵੀ ਹਰਿਆਣੇ ਤੇ ਰਾਜਿਸਥਾਨ ਨੂੰ ਦੇ ਕੇ ਇਸ ਪੱਖੋਂ ਭੀ ਪੰਜਾਬ ਦੇ ਕਾਸ਼ਤਕਾਰ ਦਾ ਲੱਕ ਤੋੜਨ ਦੇ ਬਾਨ੍ਹਣੂ ਬੰਨ੍ਹ ਲਏ ਗਏ ਹਨ। ਇਹੋ ਹਾਲ ਪੰਜਾਬ ਵਾਸਤੇ ਉਪਜਾਈ power (ਬਿਜਲੀ) ਦਾ ਹੈ। ਇਸ ਨੂੰ ਹੋਰ ਪਕੇ ਪੈਰਾਂ ਤੇ ਕਰਨ ਅਤੇ ਪੰਜਾਬ ਨੂੰ ਉੱਕਾ ਹੀ ਯਤੀਮ ਬਣਾ ਦੇਣ ਲਈ ਪੰਜਾਬ ਦੇ ਪਾਣੀਆਂ ਦੀ ਵੰਡ ਅਤੇ ਇਸ ਦਾ ਪ੍ਰਬੰਧ ਸੈਂਟ੍ਰਲ ਸਰਕਾਰ ਨੇ ਆਪਣੇ ਹੱਥ ਵਿਚ ਰਖ ਲਿਆ ਹੋਇਆ ਹੈ, ਜੈਸਾ ਕਿ ਦੇਸ਼ ਦੇ ਹੋਰ ਕਿਸੇ ਸੂਬੇ ਵਿਚ ਨਹੀਂ। Power ਤੇ Irrigation (ਬਿਜਲੀ ਤੇ ਸਿੰਚਾਈ) State subjects (ਸੂਬਿਆਂ ਦੇ ਅਧਿਕਾਰ ਦੇ ਮਸਲੇ) ਹਨ ਅਤੇ ਹਰ ਸੂਬੇ ਦੇ ਇਸ ਪ੍ਰਥਾਇ ਆਪਣੇ ਬੋਰਡ ਬਣੇ ਹੋਏ ਹਨ, ਪ੍ਰੰਤੂ ਪੰਜਾਬ ਹੀ ਇਕ ਅਜਿਹਾ ਸੂਬਾ ਹੈ ਜਿਸ ਦਾ ਬੋਰਡ ਕੇਂਦਰ ਦੇ ਅਧੀਨ ਹੈ। ਕੀ ਇਹ ਇਸ ਲਈ ਨਹੀਂ ਕਿ ਏਥੇ ਦਾ ਵਾਹੀ-ਕਾਰ ਵਧੇਰੇ ਕਰਕੇ 'ਸਿੱਖ' ਹੈ ?

ਫਿਰ ਪੰਜਾਬ ਦਾ Cotton zone (ਕਪਾਹ-ਉਪਜਾਊ ਖਿਤਾ), ਜਿਸ ਵਿਚ ਅਬੋਹਰ ਤੇ ਫ਼ਾਜ਼ਿਲਕਾ ਦੇ ਇਲਾਕੇ ਦਾ ਵਿਸ਼ੇਸ਼ ਥਾਂ ਹੈ, ਟਨਾਂ ਮੂੰਹੀਂ ਕਪਾਹ ਪੈਦਾ ਕਰ ਕੇ ਅਹਿਮਦਾਬਾਦ (ਗੁਜਰਾਤ) ਦੀਆਂ ਕਾਟਨ ਮਿੱਲਾਂ



www.AKJ.Org

# ਅਣਖ ਜਾਏ ਨਾ ਕਿਤੇ ਧੋਆਖ ਤੇਰੀ

[ਗਿਆਨੀ ਗੋਪਾਲ ਸਿੰਘ ਜੀ ਮਿਤਰ, ਗੁੜਗਾਉਂ]

ਸਿੰਘਾ ! ਜੱਗ ਦੇ ਸਾਰੇ ਇਤਿਹਾਸ ਅੰਦਰ, ਲਿਖਿਆ ਗਿਆ ਏ ਰੰਗਲਾ ਬਾਬ ਤੇਰਾ।
ਦੇਸ਼ ਖ਼ਾਤਰ ਜੋ ਜਿੰਦੜੀਆਂ ਵਾਰੀਆਂ ਤੂੰ, ਖ਼ੂਨ ਡੁਲ੍ਹਿਐ ਬੇ-ਹਿਸਾਬ ਤੇਰਾ।
ਹਰ ਮੋਰਚੇ ਤੇ ਅੱਗੇ ਵਧ ਵਧ ਕੇ, ਦੇਸ਼ ਲਈ ਲੱਖਾਂ ਜਾਨਾਂ ਵਾਰੀਆਂ ਤੂੰ।
ਕਦੀ ਨਾਲ ਆਰਾਮ ਦੇ ਬੈਠਿਓਂ ਨਾ, ਸੇਜਾਂ ਕੀਤੀਆਂ ਕਦੀ ਨਾ ਪਿਆਰੀਆਂ ਤੂੰ।
ਜੌਹਰ ਤੇਰੀ ਤਲਵਾਰ ਦੇ ਵੇਖ ਕੇ ਤੇ, ਵੈਰੀ ਕਰਦੇ ਤਾਰੀਫ਼ ਨਾ ਉੱਕਦੇ ਸਨ।
ਤਕ ਤਕ ਤੇਰੇ ਬਹਾਦਰੀ ਕਾਰਨਾਮੇ, ਤੇਰੇ ਦੁਸ਼ਮਣ ਵੀ ਉਂਗਲਾਂ ਟੁੱਕਦੇ ਸਨ।
ਮਸਤ ਹਾਥੀਆਂ ਤਾਈਂ ਪਛਾੜ ਸੁਟਿਆ, ਜਦੋਂ ਵੜਿਓਂ ਤੂੰ ਰਣ ਘਮਸਾਨ ਅੰਦਰ।
ਦੁਸ਼ਮਣ ਦਲਾਂ ਦੇ ਓਦੋਂ ਪਰਖਚੇ ਉੱਡੇ, ਹੱਥ ਪਾਇਆ ਤੂੰ ਜਦੋਂ ਕਿਰਪਾਨ ਅੰਦਰ।
ਤੇਰੇ ਚੇਹਰੇ ਤੇ ਬੀਰਤਾ ਨਾਚ ਕਰਦੀ, ਤੇਰੇ ਮੱਥੇ ਤੇ ਚਮਕਦਾ ਨੂਰ ਹੁੰਦਾ।
ਤੇਰੇ ਰੂਪ ਜਲਾਲੀ ਨੂੰ ਵੇਖ ਵੈਰੀ, ਸੁੱਟਣ ਲਈ ਹਥਿਆਰ ਮਜਬੂਰ ਹੁੰਦਾ।
ਤੇਰੀ ਚੜ੍ਹਤਲ ਨੂੰ ਵੇਖ ਕੇ ਜ਼ਿਮੀ ਕੰਬਦੀ, ਬੋਲਾਂ ਨਾਲ ਕੰਬਦਾ ਆਸਮਾਨ ਹੈਸੀ।
ਵੈਰੀ ਦਲਾਂ ਵਿਚ ਵੜੇਂ ਨਿਡਰ ਹੋ ਕੇ, ਸੀਨੇ ਤੇਰੇ ਵਿਚ ਏਤਨਾ ਤਾਣ ਹੈਸੀ।
ਕਦੀ 'ਸਿੰਘ ਬਘੇਲ' ਦੇ ਰੂਪ ਅੰਦਰ, ਜੇਤੂ 'ਦਿੱਲੀ' ਦਾ ਤੂੰ ਸੂਰਬੀਰ ਹੈਸੇਂ।
ਠੁੱਡੇ ਮਾਰਦਾ ਡਿਠਾ ਨਵਾਬੀਆਂ ਨੂੰ ਤੂੰ 'ਕਪੂਰ' ਸੂਰਤ ਆਤਮ-ਬੀਰ ਹੈਸੇਂ।
ਖੱਟੇ ਦੰਦ ਕੀਤੇ 'ਨਾਦਰ' ਵਰਗਿਆਂ ਦੇ, ਮਿਧਿਆ ਮਾਣ ਮਗਰੂਰ ਅਬਦਾਲੀਆਂ ਦਾ।
ਬੰਦੀਵਾਨ ਹਜ਼ਾਰਾਂ ਛੁੜਾ ਆਂਦੇ, ਹੈ ਇਤਿਹਾਸ ਸ਼ਾਹਿਦ ਲੱਜਾਂ ਪਾਲੀਆਂ ਦਾ।
ਲਿਖੇ ਗਏ ਤਾਰੀਖ਼ ਵਿਚ ਕਾਰਨਾਮੇ, ਜ਼ਾਲਮ ਜਿਵੇਂ ਤੂੰ ਨਾਲ ਕਿਰਪਾਨ ਸੋਧੇ।
ਮੁੜ ਕੇ ਆਏ ਨਾ ਹੱਦਾਂ ਉਲਾਂਘ ਕੇ ਤੇ, ਵੈਰੀ ਜਿਵੇਂ ਤੂੰ ਮੁਗਲ ਪਠਾਣ ਸੋਧੇ।
ਜਿਵੇਂ 'ਖ਼ੈਬਰ' 'ਬੋਲਾਨ' ਦੇ ਦਰਿਆਂ ਨੂੰ, ਬਲੀ ਸਿਰਾਂ ਦੀ ਦੇ ਕੇ ਡਕਿਆ ਏ।
ਬੇਮਿਸਾਲ ਕੁਰਬਾਨੀ ਦੀ ਰੀਸ ਤੇਰੀ, ਕੋਈ ਜੱਗ ਤੇ ਕਰ ਨਾ ਸਕਿਆ ਏ।
ਦੇ ਕੇ ਆਬੇ-ਹਯਾਤ ਦੇ ਪੰਜ ਚੁੱਲੇ, ਕਲਗੀ ਵਾਲੇ ਨੇ ਲਾਈ ਸੀ ਪਾਣ ਤੈਨੂੰ।
ਬੱਲ ਬਖਸ਼ਿਆ ਹੱਥ ਫੜਾ ਸ਼ਸਤ੍ਰ, ਕਹਿ ਕੇ 'ਖ਼ਾਲਸਾ' ਦਿੱਤਾ ਸੀ ਮਾਣ ਤੈਨੂੰ।
ਰਹਿਤ ਬਹਿਤ ਪ੍ਰਪਕ ਹੋ ਜਦੋਂ ਤੀਕਰ, ਰਹਿਓਂ ਵਿਚਰਦਾ ਸ਼ੇਰ ਬਲਵਾਨ ਹੋ ਕੇ।
ਰਹੀ ਚੁੰਮਦੀ ਸਫਲਤਾ ਕਦਮ ਤੇਰੇ, ਗਜਦਾ ਰਹਿਓਂ ਤੂੰ ਸ਼ੇਰ ਬਲਵਾਨ ਹੋ ਕੇ।
ਰੁੜ੍ਹ ਗਇਓਂ ਜਦ ਵਿਸ਼ਿਆਂ ਦੇ ਵਹਿਣ ਅੰਦਰ, ਸਿਖਿਆ ਗੁਰੂ ਦੀ ਭੁਲ ਭੁਲਾ ਗਈ ਏ।
ਤੇਰਾ ਉੱਡਿਆ ਜੋਸ਼ ਮਰਦਾਨਗੀ ਦਾ, ਹਾਲਤ ਸਮੇਂ ਦੀ ਰੰਗ ਵਿਖਾ ਗਈ ਏ।
ਉਠ ਜਾਗ ਤੇ ਵਿਰਸਾ ਸੰਭਾਲ 'ਮਿੱਤਰ', ਲਜਿਆਵਾਨ ਹੋ ਰਹੀ ਏ ਸਾਖ ਤੇਰੀ।
ਉੱਚੀ ਧੌਣ ਕਰ ਕੇ ਟੁਰਨ ਵਾਲਿਆ ਓਇ, ਅਣਖ ਜਾਏ ਨਾ ਕਿਤੇ ਧੁਆਖ ਤੇਰੀ।

---

✽ਚਲਾ ਰਿਹਾ ਹੈ—ਕੀ ਪੰਜਾਬ ਦੀ ਧਰਤੀ ਇਸ ਯੋਗ ਨਹੀਂ ਕਿ ਇਹ ਆਪਣਾ 'ਅਹਿਮਦਾਬਾਦ' ਕਾਇਮ ਕਰ ਲਵੇ ਅਤੇ ਪੰਜਾਬੀਆਂ ਨੂੰ ਵਧੇਰੇ ਰਜਵੀਂ ਰੋਟੀ ਦੇਣ ਦੇ ਸਮਰੱਥ ਹੋ ਸਕੇ? ਪਰ ਇਸ ਦਾ ਬਹੁਤਾ ਲਾਭ ਕਿਸ ਨੂੰ ਹੋਵੇਗਾ? ਪੰਜਾਬ ਦੇ ਮਿਹਨਤੀ ਸਿਖ ਨੂੰ, ਜੋ ਅਣਭਾਉਂਦੀ ਗੱਲ ਹੈ। ਸੋ ਸਰਕਾਰ ਐਸਾ ਕਿਉਂ ਸੋਚੇਗੀ?

.[ਛਪੀ ਪੁਸਤਕ 'ਕਿਉਂ ਕੀਤੋ ਵੇਸਾਹੁ' ਵਿਚੋਂ



www.AKJ.Org

# ਟੈਲੀਵੀਯਨ/ਦੂਰ-ਦਰਸ਼ਨ

ਹੋ ਸਕਦਾ ਹੈ, ਕਈ ਥਾਈਂ ਟੈਲੀਵੀਯਨ ਰਾਹੀਂ ਕੌਮਾਂ ਨੂੰ ਚੰਗਾ ਜੀਵਨ ਜੀਣਾ ਸਿਖਾਇਆ ਜਾਂਦਾ ਹੋਵੇ ਜਾਂ ਕੌਮਾਂ ਦਾ ਆਚਰਨ ਉਸਾਰਿਆ ਜਾਂਦਾ ਹੋਵੇ। ਪਰ ਜੋ ਅੱਜ ਅਸੀਂ ਵੇਖ ਰਹੇ ਹਾਂ, ਉਹ ਇਸ ਤੋਂ ਉਲਟ ਹੈ। ਟੈਲੀਵੀਯਨ ਰਾਹੀਂ ਰੰਗੀਨ ਗਾਣੇ, ਰੰਗ-ਰਲੀਆਂ ਦੇ ਪ੍ਰੋਗਰਾਮ, ਰੰਗੀਨ ਫਿਲਮਾਂ, ਭਾਂਤ ਭਾਂਤ ਦੇ ਫ਼ੈਸ਼ਨ ਅਤੇ ਸੁਭਾਵਾਂ ਵਿਚ ਸ਼ੋਖ਼ੀ ਤੇ ਤੇਜ਼ੀ ਲਿਆਉਣ ਵਾਲੀਆਂ ਹਰਕਤਾਂ ਪੇਸ਼ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਦੇ ਅਸਰ ਹੇਠ ਨੌਜਵਾਨ ਪੀੜ੍ਹੀ ਧਰਮ ਵਲੋਂ ਅਤੇ ਬਜ਼ੁਰਗਾਂ ਦੇ ਸਤਿਕਾਰ ਵਲੋਂ ਬਦਜ਼ਨ ਹੋ ਰਹੀ ਹੈ। ਬੇਮੁਹਾਰੇ ਸ਼ੁਤਰ (ਊਠ) ਵਾਂਗ ਉਹ ਅਜ਼ਾਦ ਹੋਣਾ ਲੋਚਦੇ ਹਨ। 'ਡਿਸਿਪਲਿਨ' ਅਥਵਾ 'ਜ਼ਬਤ' ਤੋਂ ਬਿਨਾਂ ਆਜ਼ਾਦੀ ਕਿਵੇਂ? 'ਜ਼ਬਤ' ਤੋਂ ਬਿਨਾਂ 'ਅਜ਼ਾਦੀ' ਅਵਾਰਾਗਰਦੀ ਵਿਚ ਬਦਲ ਜਾਂਦੀ ਹੈ।

ਸਿੱਖੀ ਜ਼ਬਤ ਵਿਚ ਰਹਿਣ ਦੀ ਥਾਂ, ਕੀ ਸਾਡੀ ਨੌਜਵਾਨ ਪੀੜ੍ਹੀ ਅਤੇ ਕੀ ਸਾਡੀਆਂ ਮਾਵਾਂ ਭੈਣਾਂ ਛੋਟੇ ਬੱਚਿਆਂ ਨੂੰ ਗੋਦੀ ਵਿਚ ਲੈ ਕੇ ਸਵੇਰੇ ਸ਼ਾਮ ਟੈਲੀਵੀਯਨ ਦੇ ਸਾਹਮਣੇ ਸੁਸ਼ੋਭਤ ਹੋ ਰਹੀਆਂ ਹੁੰਦੀਆਂ ਹਨ। ਉਨ੍ਹਾਂ ਦਾ ਅੰਮ੍ਰਿਤ ਵੇਲਾ ਤੇ ਸੋਦਰ ਦੇ ਦੀਵਾਨ ਦੂਰਦਰਸ਼ਨ ਦੇ ਚੁਲਬੁਲੇ ਪ੍ਰੋਗਰਾਮ ਅਤੇ ਰੰਗੀਨ ਫ਼ਿਲਮਾਂ ਹੀ ਰਹਿ ਗਈਆਂ ਹਨ।

ਅਜਿਹੀ ਹਾਲਤ ਵਿਚ ਕੌਮ ਸਿੱਖੀ ਦੇ ਉੱਚੇ ਸੁੱਚੇ ਜੀਵਨ ਤੋਂ ਦੂਰ ਹੋ ਰਹੀ ਹੈ, ਆਚਰਨ ਵਿਚ ਗਿਰਾਵਟ ਆ ਰਹੀ ਹੈ, ਸਿੱਖੀ ਰਹਿਤ ਬਹਿਤ ਵਲੋਂ ਮੂੰਹ ਮੋੜਿਆ ਜਾ ਰਿਹਾ ਹੈ। ਅੱਜ ਕਲ੍ਹ ਦੀ ਸਿੱਖੀ ਬਾਹਰਮੁਖੀ, ਦਿਖਾਵੇ ਦੀ ਹੀ ਰਹਿ ਗਈ ਹੈ। ਇਕ ਦੂਜੇ ਦੀ ਸਲਾਹਨਾ ਅਤੇ ਹਉਮੈ ਨੂੰ ਪੱਠੇ ਪਾਉਣੇ ਜਾਂ ਫਿਰ ਭੰਡੀ ਪਰਚਾਰ ਹੀ ਰਹਿ ਗਿਆ ਹੈ। ਫ਼ੈਸ਼ਨ-ਪ੍ਰਸਤੀ ਵਧ ਰਹੀ ਹੈ ਅਤੇ ਪਰਵਾਰਕ ਜੀਵਨ ਵਿਚ ਫੁਟ ਅਤੇ ਕੌੜਾਪਣ ਵਧ ਰਿਹਾ ਹੈ। ਹਿਰਦਿਓਂ ਸੱਚਾ ਪ੍ਰੇਮ ਕਿਤੇ ਟਾਵਾਂ ਹੀ ਨਜ਼ਰ ਆ ਰਿਹਾ ਹੈ। ਕੌਮ ਦਿਨ ਬਦਿਨ ਗਿਰਾਵਟ ਵਲ ਜਾ ਰਹੀ ਹੈ।

ਸਮਕਾਲੀ ਮਾਸਕ ਪੱਤਰ 'ਸਾਡਾ ਵਿਰਸਾ-ਸਾਡਾ ਗੌਰਵ' ਜੂਨ ੮੭ ਵਿਚ ਲਿਖਦਾ ਹੈ–

> "ਗੁਰੂ ਸਾਹਿਬਾਨ ਦੀਆਂ ਸਾਖੀਆਂ, ਪੁਰਾਤਨ ਗੁਰਸਿਖਾਂ ਦੀਆਂ ਗਾਥਾਵਾਂ, ਦਸ ਗੁਰੂ ਸਾਹਿਬਾਨ, ਪੰਜ ਪਿਆਰੇ, ਚਾਰ ਸਾਹਿਬਜ਼ਾਦੇ, ਮੁਖ ਗੁਰਦੁਆਰੇ, ਧਾਰਮਕ ਸਥਾਨ ਅਤੇ ਇਤਿਹਾਸਕ ਮਹਾਨਤਾ ਵਾਲੀਆਂ ਥਾਵਾਂ, ਗੁਰੂ ਕੀ ਬਾਣੀ, ਨਿਤਨੇਮ, ਮੁਖ ਗੁਰਮਤਿ ਸਿਧਾਂਤ–ਇਨ੍ਹਾਂ ਬਹੁਤ ਹੀ ਮਹੱਤਵ-ਪੂਰਨ ਗੱਲਾਂ ਤੋਂ ਸਾਡੀ ਨਵੀਂ ਪੀੜ੍ਹੀ ਬਿਲਕੁਲ ਅਨਜਾਣ ਰਹਿ ਰਹੀ ਹੈ। ਸਿਖ ਇਤਿਹਾਸ ਦੀਆਂ ਕੁਰਬਾਨੀਆਂ ਤੇ ਸੂਰਮਗਤੀ ਦੀਆਂ ਸਾਖੀਆਂ ਤੋਂ ਉਹ ਢੁਕਵੇਂ ਢੰਗ ਨਾਲ ਜਾਣੂ ਨਹੀਂ ਹੋ ਰਹੇ।
>
> ਸਗੋਂ ਇਸ ਤੋਂ ਉਲਟ ਬੱਚਿਆਂ ਨੂੰ ਹਫ਼ਤੇ ਭਰ ਦੇ ਲੜੀਵਾਰ ਟੀ. ਵੀ. ਫ਼ੀਚਰਾਂ ਤੇ ਉਨ੍ਹਾਂ ਦੇ ਪਾਤਰਾਂ ਦਾ ਖ਼ੂਬ ਗਿਆਨ ਹੈ।......ਸੈਰ, ਖੇਲ, ਕਲਾਤਮਕ ਰੁਚੀਆਂ ਤੇ ਵਿਚਾਰ ਵਟਾਂਦਰੇ ਲਈ ਜੋ ਸਮਾਂ ਸਕੂਲ ਕਾਲਜ ਦੇ ਸਮੇਂ ਗੋੜ ਉਪਰੰਤ ਕਢਿਆ ਜਾ ਸਕਦਾ ਸੀ, ਉਹ ਹੁਣ ਟੈਲੀਵੀਯਨ ਤੇ ਵੀਡੀਓ ਦੀ ਭੇਂਟ ਚੜ੍ਹ ਜਾਂਦਾ ਹੈ।"

ਕੌਮ ਨੂੰ ਇਸ ਨਿਘਰਦੀ ਦਸ਼ਾ ਵਿਚੋਂ ਕਢਣ ਲਈ ਸਮੂਹ ਸਿਖ ਸੰਸਥਾਵਾਂ, ਗੁਰਮਤਿ ਸਭਾ ਸੁਸਾਇਟੀਆਂ ਅਤੇ ਵਿਦਿਅਕ ਅਦਾਰਿਆਂ ਨੂੰ ਇਸ ਪਾਸੇ ਧਿਆਨ ਦੇਣਾ ਜ਼ਰੂਰੀ ਹੈ ਅਤੇ ਕੌਮ ਦੀ ਪਨੀਰੀ ਨੂੰ ਟੈਲੀਵੀਯਨ, ਅਥਵਾ ਫਿਲਮੀ ਰੁਚੀਆਂ ਤੋਂ ਹਟਾਉਣ ਲਈ ਠੋਸ ਪ੍ਰੋਗ੍ਰਾਮ ਬਣਾ ਕੇ ਨਿਤ ਦੀ ਪ੍ਰੀਤੀ-ਪ੍ਰੇਰਨਾ ਰਾਹੀਂ ਗੁਰਮਤਿ ਮਾਰਗ ਤੇ ਤੋਰਨਾ ਚਾਹੀਦਾ ਹੈ। ਜੇ ਅਸੀਂ ਇਸ ਪਾਸੇ ਧਿਆਨ ਨਾ ਦਿਤਾ ਅਤੇ ਇਸ ਵਧ ਰਹੀ ਬੀਮਾਰੀ ਵਲੋਂ ਅਵੇਸਲੇ ਰਹੇ ਤਾਂ ਸਿਖ ਕੌਮ ਦਾ ਸੁਨਹਿਰੀ ਇਤਿਹਾਸ ਮਿੱਟੀ ਘਟੇ ਵਿਚ ਰੁਲ ਜਾਏਗਾ, ਅਤੇ ਗੁਰੂ ਸਾਹਿਬਾਨ ਦੇ ਉਚੇ ਸੁਚੇ ਸਿਧਾਂਤਾਂ ਰਾਹੀਂ ਦੁਨੀਆ ਭਰ ਨੂੰ ਰੌਸ਼ਨੀ ਦੇਣਾ ਤਾਂ ਕਿਤੇ ਰਿਹਾ, ਸਿਖ ਕੌਮ ਆਪ ਵੀ ਗੁਰਮਤੀ ਜੀਵਨ ਤੋਂ ਅਗਿਆਤ ਹੋ ਕੇ ਅਗਿਆਨਤਾ ਦੀ ਖੱਡ ਵਿਚ ਡਿਗ ਕੇ ਆਪਣੀ ਹਸਤੀ ਨੂੰ ਗੁਆ ਬੈਠੇਗੀ।



www.AKJ.Org

# ਭਾਈ ਰਣਧੀਰ ਸਿੰਘ ਜੀ ਸਕਾਲਰਸ਼ਿਪ (ਨਿਤਨੇਮ) ਸਕੀਮ

ਇਸ ਸਕੀਮ ਅਧੀਨ ਸਕੂਲਾਂ ਕਾਲਜਾਂ ਵਿਚ ਵਿਦਿਆ ਪ੍ਰਾਪਤ ਕਰ ਰਹੇ ਰਹਿਤਵਾਨ ਬੱਚੇ ਬੱਚੀਆਂ ਨੂੰ ਜੋ ਵਜ਼ੀਫ਼ੇ ਦਿਤੇ ਜਾਂਦੇ ਹਨ, ਉਸ ਲਈ ਜਿਨ੍ਹਾਂ ਬੱਚਿਆਂ ਨੇ ਦਰਖ਼ਾਸਤਾਂ ਦੇਣੀਆਂ ਹਨ, ਉਹ ਲੁੜੀਂਦੀ ਜਾਣਕਾਰੀ ਤੇ ਫ਼ਾਰਮ ਹੇਠ ਲਿਖੇ ਪਤੇ ਤੋਂ ਮੰਗਵਾ ਕੇ, ਠੀਕ ਢੰਗ ਨਾਲ ਪੁਰ ਕਰ ਕੇ, ਇਸ ਪਤੇ ਤੇ ੩੧ ਅਗਸਤ ਤਕ ਵਾਪਸ ਭੇਜ ਦੇਣ– ਭਾਈ ਬਲਬੀਰ ਸਿੰਘ ਜੀ, ੨੩-ਜੀ, ਸਰਾਭਾ ਨਗਰ, ਲੁਧਿਆਣਾ

ਟ੍ਰਸਟ ਦੇ ਸਕੱਤਰ ਸਾਹਿਬ ਇਨ੍ਹਾਂ ਫ਼ਾਰਮਾਂ ਦੀ ਛਾਣ ਬੀਣ ਪਿਛੋਂ, ਇਨ੍ਹਾਂ ਨੂੰ ੩੦ ਸਤੰਬਰ ਤਕ ਦਿਲੀ ਸੰਗਤ ਨੂੰ ਭੇਜ ਦੇਣਗੇ। ਦੁਸਹਿਰਾ ਸਮਾਗਮ ਦਿਲੀ ਵਿਖੇ ਇਨ੍ਹਾਂ ਬੱਚਿਆਂ ਦੇ ਇਮਤਿਹਾਨ ਲਏ ਜਾਣਗੇ। ਪ੍ਰੀਖਿਆ ਅਸਥਾਨ ਤੇ ਵਕਤ ਬਾਰੇ ਸੂਚਨਾ, ਦਿਲੀ ਸ਼ਮਾਗਮ ਦੇ ਪ੍ਰੋਗਰਾਮ ਦੇ ਨਾਲ ਹੀ ਦਿਤੀ ਜਾਵੇਗੀ।

ਨੋਟ–ਪ੍ਰਾਈਵੇਟ ਪੜ੍ਹਨ ਵਾਲੇ ਬੱਚੇ ਇਸ ਪ੍ਰੀਖਿਆ ਵਿਚ ਹਿੱਸਾ ਨਹੀਂ ਲੈ ਸਕਦੇ।

**ਕੀਰਤਨ ਉਤਸ਼ਾਹਤ ਸਕੀਮ** ਅਧੀਨ ਵੈਸਾਖੀ ਸਮਾਗਮ ਸਮੇਂ ਬੀਬੀ ਹਰਵਿੰਦਰ ਕੌਰ ਸਪੁਤਰੀ ਭਾਈ ਸਤਨਾਮ ਸਿੰਘ ਸ੍ਰੀ ਅੰਮ੍ਰਿਤਸਰ ਨੂੰ ਪ੍ਰੀਖਿਆ ਵਿਚ ਕਮਾਯਾਬ ਹੋਣ ਤੇ ਦੋ ਹਜ਼ਾਰ ਰੁਪਏ ਦੇ ਚੈਕ ਦੇ ਨਾਲ ਬਹੁ-ਸ਼ਬਦੀ ਆਸਾ ਦੀ ਵਾਰ ਦੀ ਪੋਥੀ, ਕੇਸਕੀ ਤੇ ਸਿਰੋਪਾ ਬਖਸ਼ਸ਼ ਕਰ ਕੇ ਸਨਮਾਨਤ ਕੀਤਾ ਗਿਆ। ਸਤਿਗੁਰੂ ਬੱਚੀ ਨੂੰ ਕੰਠਾਗਰ ਬਾਣੀ ਦੁਆਰਾ ਕੀਰਤਨ ਕਰਨ ਦਾ ਉਤਸ਼ਾਹ ਬਖਸ਼ਦੇ ਰਹਿਣ। ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ, ਸ੍ਰੀ ਅੰਮ੍ਰਿਤਸਰ

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਇਸ ਮਹੀਨੇ ਸੰਗਤਾਂ ਵਲੋਂ ਗੁਰਸਿਖ ਪੀੜਤ ਪਰਵਾਰਾਂ ਲਈ ਪੁਜੀ ਮਾਇਆ—

| | | | |
|---|---|---|---|
| ਬੀਬੀ ਸ਼ੀਲ ਕੌਰ, ਹੁਸ਼ਿਆਰਪੁਰ | ੨੧—੦੦ | ਸਾਧ ਸੰਗਤ ਗ੍ਰੇਵਜ਼ੈਂਡ ਯੂ. ਕੇ. | ੨੬੩੫—੦੦ |
| ਬੀਬੀ ਗੁਰਦੀਪ ਕੌਰ, ਲੁਧਿਆਣਾ | ੨੧—੦੦ | ਸ: ਹਰਮਿੰਦਰ ਸਿੰਘ ਨਿਜਰ, ਕੋਵੈਨਟਰੀ ਯੂ.ਕੇ. | ੨੧੦੮—੦੦ |
| ਸ: ਪ੍ਰਿਤਪਾਲ ਸਿੰਘ, ਆਦਪੁਰ (ਜਲੰਧਰ) | ੧੦੦—੦੦ | ਸਾਧ ਸੰਗਤ ਕੋਵੈਨਟਰੀ ਯੂ. ਕੇ. | ੨੧੦੮—੦੦ |
| ਬੀ: ਜਸਮੇਰ ਕੌਰ, ਮਜੀਠਾ (ਅੰਮ੍ਰਿਤਸਰ) | ੫੦੦—੦੦ | ਸੰਗਤ ਪਟਨਾ ਸਾਹਿਬ | ੩੦੦—੦੦ |
| ਸ: ਰਾਜਿੰਦਰਪਾਲ ਸਿੰਘ ਖਾਨਪੁਰ ਸਹੋਤਾ (ਹੁਸ਼ਿ:) | ੧੫੧—੦੦ | ਸ: ਦਲੀਪ ਸਿੰਘ ਮਾਡਲ ਟਾਊਨ ਦਿਲੀ ਪਤਨੀ ਦੇ ਚਲਾਣੇ ਸਮੇਂ | ੩੧੦੦—੦੦ |
| ਗੁਪਤ, ਤਲਵਾੜਾ ਟਾਊਨਸ਼ਿਪ | ੧੦੦—੦੦ | | |

## ਗੁਰਸਿਖ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

| | |
|---|---|
| ਬੀਬੀ ਪਰਮਜੀਤ ਕੌਰ ਸੁਪਤਨੀ ਸ਼ਹੀਦ ਗੁਰਚਰਨਜੀਤ ਸਿੰਘ ਕਾਨਪੁਰ (ਪਰਵਾਰਕ ਲੋੜਾਂ ਲਈ) | ੫੦੦੦—੦੦ |
| ,, ,, ,, ,, ਬੱਚਿਆਂ ਦੀ ਪੜ੍ਹਾਈ ਲਈ | ੫੦੦੦—੦੦ |
| ਬੀਬੀ ਜਸਵਿੰਦਰ ਕੌਰ ਸਪੁਤਰੀ ਭਾਈ ਮੁਨਸ਼ਾ ਸਿੰਘ, ਪਿੰਡ ਰਤੜ ਸਤੜ, ਡੇਰਾ ਬਾਬਾ ਨਾਨਕ | ੫੦੦੦—੦੦ |
| ਬੀਬੀ ਸਤਬੀਰ ਕੌਰ ਸਪੁਤਰੀ ਭਾਈ ਸੁਹੇਲ ਸਿੰਘ, ਪੱਟੀ | ੫੦੦੦—੦੦ |
| ਬੀਬੀ ਇੰਦਰਜੀਤ ਕੌਰ ਸੁਪਤਨੀ ਭਾਈ ਮਹਿੰਦਰ ਸਿੰਘ, ਅੰਮ੍ਰਿਤਸਰ | ੫੦੦੦—੦੦ |
| ਬੀਬੀ ਕਮਲਜੀਤ ਕੌਰ ਸੁਪਤਨੀ ਸ: ਹਰਭਜਨ ਸਿੰਘ, ਨਾਨੋਵਾਲਾ (ਗੁਰਦਾਸਪੁਰ) | ੫੦੦੦—੦੦ |
| ਬੀਬੀ ਜਸਵੰਤ ਕੌਰ ਸੁਪਤਨੀ ਸ: ਜੋਗਿੰਦਰ ਸਿੰਘ ਅਖ ੜਾ (ਮਾਸਕ ਸਹਾਇਤਾ) | ੩੦੦—੦੦ |

ਖਾਲਸਾ ਜੀ ਦਾ ਸੇਵਕ – ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ, ਸ੍ਰੀ ਅੰਮ੍ਰਿਤਸ਼ਰ

# ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਸੰਤ ਪਦ ਨਿਰਣਯ | ੬-੫੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਰੰਗਲੇ ਸਜਣ ੭-੦੦ ਗੁਰਮਤਿ ਬਿਬੇਕ | ੭-੫੦ |
| ਅਣਡਿਠੀ ਦੁਨੀਆ | ੧੦-੦ | ਦਰਸ਼ਨ ਝਲਕਾਂ | ੫-੦੦ |
| ਵਾਹਿਗੁਰੂ ਸਿਮਰਨ | ੦-੫੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਉਮਰ ਕੈਦੀ ਦਾ ਸੁਪਨਾ | ੦-੭੫ | ਸਿੰਘਾਂ ਦਾ ਪੰਥ ਨਿਰਾਲਾ | ੧-੦੦ |
| ਬਾਬਾ ਵੈਦ ਰੋਗੀਆਂ ਦਾ | ੧੦-੦੦ | ਤਿਮਰ ਅਗਿਆਨ ਤੋਂ ਉਜਿਆਰਾ | ੦-੩੦ |
| ਆਸਤਕ ਤੇ ਨਾਸਤਕ | ੦-੩੫ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |
| ਸਿੱਖੀ ਸਿਦਕ ਤੇ ਧਰਮ ਰੱਖਿਆ (ਕਾਵਿ) | ੦-੬੦ | ਜਥੇ ਦੇ ਸਿੰਘਾਂ ਦੀ ਦਾਸਤਾਨ (ਕਾਵਿ) | ੦-੮੦ |

www.AKJ.Org

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਗੁਰਮਤਿ ਸਮਾਗਮ

(1) 18 ਜੁਲਾਈ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ ਸਮਾਗਮ—
ਗੁਰੂ ਨਾਨਕ ਗੁਰਦਵਾਰਾ, 118 ਵਲਿੰਗਟਨ ਰੋਡ, ਡਡਲੀ ਯੂ. ਕੇ., ਗੁਰਦਵਾਰਾ ਫ਼ੋਨ 0384-53054

(2) 1 ਅਗਸਤ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ ਸਮਾਗਮ—
Sikh Temple, Louise St. Darlington U.K., ਫ਼ੋਨ ਗੁਰਦਵਾਰਾ 0325-461252
ਫ਼ੋਨ ਭਾਈ ਕੇਵਲ ਸਿੰਘ 0325-54036

## ਪਰਦੇਸੀ ਅਮਾਨਤੀ ਲਾਈਫ਼ ਮੈਂਬਰ ਆਪਣੇ ਬਕਾਏ ਛੇਤੀ ਭੇਜਣ

ਪਰਦੇਸਾਂ ਲਈ ਡਾਕ ਖਰਚ ਬਹੁਤ ਵਧ ਜਾਣ ਕਰਕੇ ਅਮਾਨਤੀ ਲਾਈਫ਼ ਮੈਂਬਰੀ ਦੇ ਵੀ ਇਕ ਹਜ਼ਾਰ ਰੁਪਏ ਕਰਨੇ ਪਏ ਹਨ। ਜਿਨ੍ਹਾਂ ਵੀਰਾਂ ਨੇ ਆਪਣੀ ਰਕਮ ਅਜੇ ਤਕ ਪੂਰੀ ਨਹੀਂ ਕੀਤੀ ਉਹ ਆਪਣੀ ਬਾਕੀ ਰਕਮ ਛੇਤੀ ਭੇਜ ਕੇ ਇਕ ਹਜ਼ਾਰ ਰੁਪਏ ਪੂਰੇ ਕਰ ਦੇਣ ਦੀ ਕਿਰਪਾ ਕਰਨ ਜੀ।

## ਇੰਗਲੈਂਡ ਦੇ ਬਕਾਏ ਅਤੇ ਚੰਦੇ ਯੂ. ਕੇ. ਵਿਚ ਹੀ ਜਮ੍ਹਾ ਕਰਾਓ ਜੀ

S, Gurnam Singh, 10-Lambourne Gardens. Early, Reading. Berks U. K.

## ਅਖੰਡ ਕੀਰਤਨੀ ਜਥਾ (ਚਲਦਾ ਵਹੀਰ ਇੰਟਰਨੈਸ਼ਨਲ) ਵਲੋਂ ਯੋਰਪ ਪਰਚਾਰ ਯਾਤਰਾ

ਜੁਲਾਈ-ਅਗਸਤ ਵਿਚ ਪਛਮੀ ਯੋਰਪ ਦੇ ਕਈ ਮੁਲਕਾਂ ਵਿਚ ਹੇਠ ਲਿਖੇ ਮੁਜਬ ਗੁਰਮਤਿ ਪਰਚਾਰ ਫੇਰੀ ਹੋਵੇਗੀ—

(1) 9-15 ਜੁਲਾਈ ਨਾਰਵੇ ਵਿਖੇ, ਪੁਛ ਗਿਛ : ਜਥੇਦਾਰ ਸੰਤੋਖ ਸਿੰਘ Sloreasen-33 B, Oslo-12, Norway.
ਫ਼ੋਨ (02)-460732

(2) 15-22 ਜੁਲਾਈ ਸਵੀਡਨ ਵਿਖੇ; ਪੁਛ ਗਿਛ : ਭਾਈ ਦਰਸ਼ਨ ਸਿੰਘ Terra Kottas Tigen-7,
15155-Sodertalje, Sweden, ਫ਼ੋਨ 0755-80011

(3) 22-29 ਜੁਲਾਈ ਡੈਨਮਾਰਕ ਵਿਖੇ; ਪੁਛ ਗਿਛ : ਸ੍ਰੀ ਗੁਰੂ ਸਿੰਘ ਸਭਾ, Gronne Hoj-1, 2720 Vanlose,
Copen Hagen, Denmark, ਫ਼ੋਨ : 01-714229 ਜਾਂ ਭਾ: ਸੁਬੇਗ ਸਿੰਘ 02-542766

(4) ੳ = 29 ਜੁਲਾਈ ਤੋਂ 5 ਅਗਸਤ ਹਮਬਰਗ (ਵੈਸਟ ਜਰਮਨੀ) ਵਿਖੇ; ਪੁਛ ਗਿਛ : ਭਾ: ਜਰਨੈਲ ਸਿੰਘ, Bartels Str-49 2000—Hamburg-6, West Germany. ਫ਼ੋਨ 040-4302117

ਅ = 5-9 ਅਗਸਤ ਫ੍ਰੈਂਕਫਰਟ (ਪਛਮੀ ਜਰਮਨੀ) ਵਿਖੇ; ਪੁਛ ਗਿਛ : ਸਿੰਘ ਸਭਾ ਨਾਨਕਸਰ ਗੁਰਦਵਾਰਾ,
Kleyer Str-42/44, 6000-Frankfurt Main, West Germany,
ਫ਼ੋਨ ਭਾ: ਸਤਪਾਲ ਸਿੰਘ 069-7381243

(5) 9-17 ਅਗਸਤ ਹਾਲੈਂਡ ਵਿਖੇ; ਪਛ ਗਿਛ ਗੁਰੂ ਨਾਨਕ ਗੁਰਦਵਾਰਾ, Gerard Dou St. 69/69A Amsterdam,
ਫ਼ੋਨ : ਭਾਈ ਸੁਚਾ ਸਿੰਘ (020)-646390

## ਚਲਦੇ ਵਹੀਰ ਦੇ ਸਮੁਚੇ ਪ੍ਰੋਗਰਾਮ ਦੀ ਵਧੇਰੇ ਜਾਣਕਾਰੀ ਲਈ–

ਭਾਈ ਰਾਜਿੰਦਰ ਸਿੰਘ (ਡਡਲੀ-ਯੂ.ਕੇ) ਫ਼ੋਨ 0384-237341

## ਸ੍ਰੀ ਅੰਮ੍ਰਿਤਸਰ ਵਿਖੇ ਹਫਤੇਵਾਰੀ ਐਤਵਾਰ ਦੇ ਕੀਰਤਨ ਪ੍ਰੋਗਰਾਮ (ਸਵੇਰੇ ੬ ਤੋਂ ੧੧)

5 ਜੁਲਾਈ ਭਾ: ਸੁਰਜੀਤ ਸਿੰਘ, 1348-ਕਟੜਾ ਸ਼ੇਰ ਸਿੰਘ (ਨੇੜੇ ਡਾ: ਰਣਬੀਰ ਸਿੰਘ ਅੱਖਾਂ ਦੇ ਮਾਹਰ)

12 ਜੁਲਾਈ ਭਾ: ਇੰਦਰਜੀਤ ਸਿੰਘ ਕ੍ਰਿਪਾਨਾਂ ਵਾਲੇ ਵਲੋਂ ਮਾਤਾ ਜੀ ਨਮਿਤ ਗੁਰਦਵਾਰਾ ਸ੍ਰੀ ਬਿਬੇਕਸਰ ਸਾਹਿਬ ਵਿਖੇ
[10 ਤੋਂ 12 ਜੁਲਾਈ ਸ੍ਰੀ ਅਖੰਡਪਾਠ ਘਰ 2-ਅਜੀਤ ਨਗਰ ਵਿਖੇ ਸਵੇਰੇ 5 ਵਜੇ ਤਕ]

19 ਜੁਲਾਈ ਤਰਨ ਤਾਰਨ ਬਾਊ ਮੱਲ ਸਿੰਘ ਜੀ ਦੇ ਸਾਲਾਨਾ ਸਮਾਗਮ

26 ਜੁਲਾਈ ਭਾ:ਸਤਨਾਮ ਸਿੰਘ(ਬੰਬੇ)ਦੇ ਭੁਜੰਗੀ ਦਾ ਅਨੰਦ,ਖੁਖਰੈਣ ਭਵਨ,ਨੇੜੇ ਮੋਹਨ ਇੰਟਰਨੈਸ਼ਨਲ ਹੋਟਲ,ਮਕਬੂਲ ਰੋਡ।

www.AKJ.Org

## ਨਾਰੰਗਵਾਲ (ਲੁਧਿਆਣਾ) ਵਿਖੇ ਭਾਈ ਸਾਹਿਬ ਦਾ ਜਨਮ-ਦਿਵਸ ਸਾਲਾਨਾ ਸਮਾਗਮ

ਪੰਥ ਰਤਨ, ਮਹਾਨ ਦੇਸ਼ ਭਗਤ, ਗੁਰਮਤਿ ਗੂੜ੍ਹ ਰਮਜ਼ਾਂ ਦੇ ਗਿਆਤਾ ਤੇ ਵਿਆਖਿਆਕਾਰ, ਅਖੰਡ ਕੀਰਤਨੀਏ ਭਾ: ਸਾ: ਭਾਈ ਰਣਧੀਰ ਸਿੰਘ ਜੀ ਦਾ ਜਨਮ-ਦਿਵਸ ਸਮਾਗਮ ਉਨ੍ਹਾਂ ਦੇ ਜਨਮ-ਅਸਥਾਨ ਨਾਰੰਗਵਾਲ ਵਿਖੇ ਅਖੰਡ ਕੀਰਤਨੀ ਜਥਿਆਂ ਵਲੋਂ ਮਨਾਇਆ ਜਾ ਰਿਹਾ ਹੈ। ਸਾਰੇ ਪ੍ਰੋਗਰਾਮ ਗੁਰਦੁਆਰਾ ਅਕਾਲੀ ਵਾਲਾ ਵਿਖੇ ਹੋਣਗੇ।

੯ ਜੁਲਾਈ ਸਵੇਰੇ ੪ ਤੋਂ ੬ ਅਖੰਡ ਕੀਰਤਨ; ਉਪਰੰਤ ਅਰੰਭ ਸ੍ਰੀ ਅਖੰਡਪਾਠ,ਸ਼ਾਮ ੭ ਤੋਂ ੯-੩੦ ਅਖੰਡ ਕੀਰਤਨ। ੧੦ ਜੁਲਾਈ ਸਵੇਰੇ ੫ ਤੋਂ ੮-੩੦ ਅਖੰਡ ਕੀਰਤਨ, ਸ਼ਾਮ ੭ ਤੋਂ ੯-੩੦ ਅਖੰਡ ਕੀਰਤਨ। ੧੧ ਜੁਲਾਈ ਸਵੇਰੇ ਭੋਗ ਸ੍ਰੀ ਅਖੰਡਪਾਠ ਉਪਰੰਤ ੧੨-੩੦ ਦੁਪਹਿਰ ਤਕ ਕੀਰਤਨ, ਸ਼ਾਮ ੮ ਵਜੇ ਅਰੰਭ ਰੈਣ ਸਬਾਈ ਕੀਰਤਨ। ੧੨ ਜੁਲਾਈ ਐਤਵਾਰ ਸਵੇਰੇ ੬-੩੦ ਸਮਾਪਤੀ। ਅੰਮ੍ਰਿਤ-ਸਿੰਚਾਰ ੧੧ ਜੁਲਾਈ ਸ਼ਾਮ ੪ ਵਜੇ ਹੋਵੇਗਾ।

ਪੁਛ ਗਿੱਛ : ਭਾ: ਬਲਬੀਰ ਸਿੰਘ, ੨੩-ਜੀ, ਸਰਾਭਾ ਨਗਰ, ਲੁਧਿਆਣਾ

ਪ੍ਰਾਰਥਕ—ਸੰਗਤ ਨਾਰੰਗਵਾਲ ਤੇ ਅਖੰਡ ਕੀਰਤਨੀ ਜਥਾ, ਲੁਧਿਆਣਾ

## ਤਰਨ ਤਾਰਨ ਵਿਖੇ ਬਾਊ ਮੱਲ ਸਿੰਘ ਜੀ ਦੀ ਯਾਦ ਵਿਚ ਸਮਾਗਮ

ਸਾਡੇ ਸਤਿਕਾਰ ਯੋਗ ਪਿਤਾ ਪੂਜਯ ਬਾਊ ਮੱਲ ਸਿੰਘ ਜੀ ਦੀ ਸਾਲਾਨਾ ਯਾਦ ਅਖੰਡ ਕੀਰਤਨੀ ਜਥਿਆਂ ਵਲੋਂ ਸਦਾ ਵਾਂਗ ਉਨ੍ਹਾਂ ਦੇ ਗ੍ਰਿਹਿ, ਕੂਚਾ ਬਾਊ ਮੱਲ ਸਿੰਘ, ਪਲਾਸੌਰ ਰੋਡ, ਤਰਨ ਤਾਰਨ ਵਿਖੇ ਮਨਾਈ ਜਾ ਰਹੀ ਹੈ। ੧੭ ਜੁਲਾਈ ੧੯੮੭ ਅੰਮ੍ਰਿਤ ਵੇਲੇ ਆਸਾ ਦੀ ਵਾਰ ਤੋਂ ਉਪਰੰਤ ੮ ਵਜੇ ਸ੍ਰੀ ਅਖੰਡਪਾਠ ਅਰੰਭ ਹੋਣਗੇ, ਜਿਸ ਦੇ ਭੋਗ ੧੯ ਜੁਲਾਈ ਐਤਵਾਰ ਸਵੇਰੇ ਪੈਣਗੇ। ਉਪਰੰਤ ੧੧ ਵਜੇ ਤਕ ਅਖੰਡ ਕੀਰਤਨ ਹੋਣਗੇ। ਸਮੂਹ ਸੰਗਤਾਂ ਮਾਨਯਵਰ ਬਾਊ ਜੀ ਦੀ ਯਾਦ ਵਿਚ ਜੁੜੀਆਂ ਹੋਈਆਂ ਅਸਾਂ ਸਭਸ ਪਰਵਾਰਾਂ ਲਈ ਵੀ "ਗੁਰਸਿਖੀ ਕਮਾਉਣ ਤੇ ਚੜ੍ਹਦੀਆਂ ਕਲਾ ਬਖਸ਼ਣ ਲਈ" ਅਰਦਾਸ ਕਰੋ ਜੀ। ਦਾਸਰੇ—ਹਰਬੰਸ ਸਿੰਘ, ਪ੍ਰੀਤਮ ਸਿੰਘ, ਕੁਲਵੰਤ ਸਿੰਘ, ਜੋਗਿੰਦਰ ਸਿੰਘ

## ਖੈੜਾ ਦੋਨਾ (ਕਪੂਰਥਲਾ) ਵਿਖੇ ਅਠਵੇਂ ਸਤਿਗੁਰੂ ਜੀ ਦਾ ਅਵਤਾਰ ਪੁਰਬ

ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਾ ਅਵਤਾਰ ਗੁਰਪੁਰਬ ਦਾਸਾਂ ਦੇ ਨਿਵਾਸ-ਅਸਥਾਨ ਵਿਖੇ ਹਰ ਸਾਲ ਵਾਂਗ ਮਨਾਇਆ ਜਾਵੇਗਾ। ੧੭-੭-੮੭ ਭੋਗ ਸਹਿਜ ਪਾਠ ਅਤੇ ਅਰੰਭ ਸ੍ਰੀ ਅਖੰਡਪਾਠ ਸਾਹਿਬ ਸਵੇਰੇ ੬ ਤੋਂ ੭ ਤਕ। ੧੯-੭-੮੭ ਐਤਵਾਰ ਸਵੇਰੇ ੬ ਵਜੇ ਭੋਗ ਸ੍ਰੀ ਅਖੰਡਪਾਠ ਉਪਰੰਤ ੧੨-੩੦ ਤਕ ਅਖੰਡ ਕੀਰਤਨ ਵਿਖੇ ਦਰਸ਼ਨ ਬਖਸ਼ੋ ਜੀ।

ਦਾਸਰੇ—ਤਾਰਾ ਸਿੰਘ ਹੈਡਮਾਸਟਰ ਅਤੇ ਸੰਤੋਖ ਸਿੰਘ (ਵਿਰਕ)

## ਬਨੂੜ ਸ਼ਹਿਰ (ਨੇੜੇ ਬਸ ਸਟੈਂਡ) ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਭਾਈ ਜਗਤ ਸਿੰਘ ਸਪੁਤਰ ਸ: ਜੀਤ ਸਿੰਘ ਨੰਬਰਦਾਰ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹਿ (ਨੇੜੇ ਗੁਰਦਵਾਰਾ ਬੰਦਾ ਬਹਾਦਰ) ਵਿਖੇ ੨੩ ਤੋਂ ੨੫ ਜੁਲਾਈ ਤਕ ਸ੍ਰੀ ਅਖੰਡਪਾਠ, ਸ਼ਨੀਵਾਰ ੨੫ ਜੁਲਾਈ ਦੁਪਹਿਰ ਤਕ ਕੀਰਤਨ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਵਿਚ ਦਰਸ਼ਨ ਬਖਸ਼ੋ ਜੀ।

## ਅੰਬਾਲਾ ਛਾਉਣੀ ਵਿਖੇ ਸਾਲਾਨਾ ਸਮਾਗਮ ੧੩ ਤੋਂ ੧੬ ਅਗਸਤ ਨੂੰ–ਪ੍ਰੋਗਰਾਮ ਆਉਂਦੇ 'ਸੂਰਾ' ਵਿਚ

## ਅਖੰਡ ਕੀਰਤਨੀ ਜਥਾ ਮੋਗਾ ਵਲੋਂ ਅਖੰਡ ਕੀਰਤਨ ਸਮਾਗਮ

੧੯ ਜੁਲਾਈ ਐਤਵਾਰ ਸਵੇਰੇ ੫-੩੦ ਤੋਂ ੧੧ ਵਜੇ ਤਕ ਭਾਈ ਗੁਰਚਰਨ ਸਿੰਘ ਵਿਮਕੋ ਵਾਲੇ ਮਕਾਨ ਨੰ: ੭੭੬, ਸਿਵਲ ਲਾਈਨ (ਨੇੜੇ ਪੂਰਨ ਸਿੰਘ ਕੋਇਲੇ ਦਾ ਡਿਪੋ) ਦੇ ਗ੍ਰਿਹਿ ਵਿਖੇ ਹੋ ਰਿਹਾ ਹੈ ਜੀ।

## ਪਿੰਡ ਧਾਂਦਰਾ (ਲੁਧਿਆਣਾ) ਗੁਰਦੁਆਰਾ ਗੁਰਮਤਿ ਮਹਾਂ ਥਾਨ ਵਿਖੇ ਮਾਸਕ ਰੈਣ ਸਬਾਈ

ਮਾਸਟਰ ਸਤਵੰਤ ਸਿੰਘ ਰਾਮਪੁਰ ਸੂਚਨਾ ਦੇਂਦੇ ਹਨ ਕਿ ੧੮ ਜੁਲਾਈ ਸ਼ਨੀਵਾਰ ਰਾਤ ਕੀਰਤਨ ਵਿਚ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

## ਪਿੰਡ ਦਸਮੇਸ਼ ਨਗਰ (ਲੋਲਾ) ਵਿਖੇ ੧੧ ਜੁਲਾਈ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ

ਜੰਡਿਆਲਾ ਗੁਰੂ (ਅੰਮ੍ਰਿਤਸਰ) ਤੋਂ ੮ ਕਿਲੋ ਮੀਟਰ ਪਿੰਡ ਦਸਮੇਸ਼ ਨਗਰ ਭਾਈ ਗੁਰਮੀਤ ਸਿੰਘ ਦੇ ਗ੍ਰਿਹਿ ਵਿਖੇ

## ਸ਼ਹੀਦਾਂ ਦੀ ਯਾਦ ਵਿਚ ਗੁ: ਟਾਹਲੀ ਸਾਹਿਬ (ਸੰਤੋਖਸਰ) ਅੰਮ੍ਰਿਤਸਰ ਵਿਖੇ ੨੫ ਜੁਲਾਈ ਰਾਤ ਰੈਣ ਸਬਾਈ

## ਅੰਮ੍ਰਿਤਸਰ ਵੈਸਾਖੀ ਸਮਾਗਮ ਸਮੇਂ ਦਾ ਇਕ ਸਿਲਕੀ ਪਜਾਮਾ ਪੁਜਾ ਹੈ, ਜਿਸ ਸਜਣ ਦਾ ਹੋਵੇ ਮੰਗਾ ਲਵੇ

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

www.AKJ.Org